*Journal of Advances and Scholarly Researches in Allied Education*
*Vol. 15, Issue No. 11, November-2018, ISSN 2230-7540*

# ਕਾਵਿ-ਭਾਸ਼ਾ : ਸਿਧਾਂਤਕ ਪਰਿਪੇਖ

**Harpreet Kaur[1]* Dr. Sarabjit Singh[2]**

[1] Research Scholar, Department Punjabi, I.K.G. Punjab Technical University, Kapurthala

[2] Assistant Professor, Department Punjabi, I.K.G. Punjab Technical University Kapurthala

*ਕਾਵਿ-ਭਾਸ਼ਾ ਦਾ ਅਧਿਐਨ ਕਰਨਾ ਇਕ ਤਰ੍ਹਾਂ ਨਾਲ ਕਵਿਤਾ ਦੀ ਹੋਂਦ ਵਿਧੀ ਦਾ ਅਧਿਐਨ ਕਰਨਾ ਹੈ। ਜਦੋਂ ਤੋਂ ਵਿਸ਼ਵ ਚਿੰਤਨ ਵਿਚ ਕਵਿਤਾ ਬਾਰੇ ਚਰਚਾ ਦਾ ਆਗ਼ਾਜ਼ ਹੋਇਆ ਹੈ ਲਗਭਗ ਉਦੋਂ ਤੋਂ ਹੀ ਕਵਿਤਾ ਦੀ ਭਾਸ਼ਾ ਬਾਰੇ ਚਿੰਤਨ ਵਿਸ਼ਲੇਸ਼ਣ ਆਰੰਭ ਹੋ ਗਿਆ ਸੀ ਪਰ ਇਹ ਚਿੰਤਨ ਵਿਸ਼ਲੇਸ਼ਣ ਕਾਵਿ-ਭਾਸ਼ਾ ਉੱਪਰ ਕੇਂਦਰਿਤ ਹੋਣ ਦੀ ਥਾਂ ਕਾਵਿ ਦੀਆਂ ਹੋਰਨਾਂ ਰੂਪਕੀ ਜੁਗਤਾਂ ਦੇ ਅਧਿਐਨ ਵੱਲ ਵਧੇਰੇ ਫੈਲਿਆ ਹੋਇਆ ਹੈ ਜਾਂ ਇਉਂ ਕਹੀਏ ਕਿ ਕਾਵਿ ਦੀਆਂ ਹੋਰਨਾਂ ਰੂਪਕੀ ਜੁਗਤਾਂ ਦੇ ਅਧਿਐਨ ਦੀ ਤਾਂ ਲੰਮੀ ਪਰੰਪਰਾ ਹੈ ਪਰ ਕਾਵਿ-ਭਾਸ਼ਾ ਨੂੰ ਸੁਤੰਤਰ ਇਕਾਈ ਵਜੋਂ ਦੇਖਣ ਦੀ ਸੋਝੀ ਬਹੁਤ ਦੇਰ ਬਾਅਦ ਹੋਈ ਹੈ। ਕਾਵਿ-ਭਾਸ਼ਾ ਇਕ ਵੱਖਰੇ ਅਨੁਸ਼ਾਸਨ ਵਜੋਂ ਵਿਚਾਰੇ ਜਾਣ ਦੀ ਮੰਗ ਕਰਦੀ ਹੈ।ਕਾਵਿ-ਭਾਸ਼ਾ ਦੇ ਅਧਿਐਨ ਲਈ ਕਿਹੜਾ ਅਨੁਸ਼ਾਸਨ ਜਾਂ ਅਧਿਐਨ ਵਿਧੀ ਕਾਰਗਰ ਸਿੱਧ ਹੋ ਸਕਦੀ ਹੈ। ਕਾਵਿ-ਭਾਸ਼ਾ ਦੀ ਪ੍ਰਕਿਰਤੀ ਨਿਰਧਾਰਿਤ ਕਰਨ ਤੋਂ ਪਹਿਲਾਂ ਇਸ ਬਾਰੇ ਸੰਖੇਪ ਚਰਚਾ ਕਰ ਲੈਣੀ ਯੋਗ ਹੈ। ਕਾਵਿ-ਭਾਸ਼ਾ ਆਪਣੀ ਮੂਲ ਸਮੱਗਰੀ ਤੇ ਸ਼ਬਦ ਸਰੋਤ ਬੋਲਚਾਲੀ ਭਾਸ਼ਾ ਤੋਂ ਗ੍ਰਹਿਣ ਕਰਦੀ ਹੈ। ਇਸੇ ਕਰਕੇ ਇਹ ਭਾਸ਼ਾ ਤੇ ਭਾਸ਼ਾ ਵਿਗਿਆਨ ਨਾਲ ਜੁੜੀ ਹੋਈ ਹੈ। ਦੂਜੇ ਪਾਸੇ, ਕਾਵਿ-ਭਾਸ਼ਾ, ਮੂਲ ਭਾਸ਼ਾ ਤੋਂ ਹਵਾਲਾ ਸਮੱਗਰੀ ਪ੍ਰਾਪਤ ਕਰਨ ਦੇ ਬਾਵਜੂਦ ਇਕ ਸਾਹਿਤਕ ਸਿਰਜਣਾ ਤੇ ਸੁਤੰਤਰ ਹੋਂਦ ਹੈ। ਇਸ ਲਈ ਇਹ ਸਾਹਿਤ ਚਿੰਤਨ ਦੇ ਦਾਇਰੇ ਵਿਚ ਆਉਂਦੀ ਹੈ।ਅਸਲ ਵਿਚ ਕਾਵਿ-ਭਾਸ਼ਾ ਦਾ ਅਧਿਐਨ ਸਾਹਿਤ ਵਿਗਿਆਨਕ ਅਤੇ ਭਾਸ਼ਾ ਵਿਗਿਆਨਕ ਚਿੰਤਨ ਦੇ ਜੋੜ-ਮੇਲ ਤੋਂ ਬਣੀ ਕਿਸੇ ਸਾਂਝੀ ਤੇ ਸੰਤੁਲਿਤ ਅੰਤਰ-ਅਨੁਸ਼ਾਸਨੀ ਪਹੁੰਚ ਨਾਲ ਹੈ। ਕਾਵਿ-ਭਾਸ਼ਾਈ ਅਧਿਐਨ ਦੇ ਨਤੀਜੇ ਤਾਂ ਹੀ ਸਾਰਥਕ ਰੂਪ ਵਿਚ ਪ੍ਰਾਪਤ ਹੋ ਸਕਦੇ ਹਨ ਜੇਕਰ ਇਕ ਪਾਸੇ ਭਾਸ਼ਾ ਵਿਗਿਆਨ ਵਿਚ ਇਸ ਦੀਆਂ ਸਾਰੀਆਂ ਸ਼ਾਖਾਵਾਂ ਤੇ ਪ੍ਰਕਿਰਿਆਵਾਂ ਸ਼ਾਮਿਲ ਕਰ ਲਈਆਂ ਜਾਣ ਅਤੇ ਦੂਜੇ ਪਾਸੇ ਸਾਹਿਤ ਵਿਗਿਆਨ ਦੀਆਂ ਸਮੁੱਚੀਆਂ ਸੰਭਾਵਨਾਵਾਂ ਜੀਵੰਤ ਰੂਪ ਵਿਚ ਸ਼ਾਮਿਲ ਕਰ ਲਈਆਂ ਜਾਣ, ਅਜਿਹਾ ਸੰਜੋਗੀ ਅਧਿਐਨ ਮਾਡਲ ਹੀ ਕਾਵਿ-ਭਾਸ਼ਾਈ ਅਧਿਐਨ ਵਿਚ ਮੁਕੰਮਲਤਾ ਤੇ ਸਮੱਗਰਤਾ ਲਿਆ ਸਕਦਾ ਹੈ।*

----------------------------------- *X* -----------------------------------

ਕਾਵਿ-ਸਿਰਜਣਾ ਸ਼ਾਬਦਿਕ ਕਲਾ ਹੈ। ਕਵੀ ਇਕ ਅਜਿਹਾ ਸਿਰਜਕ ਹੁੰਦਾ ਹੈ ਜੋ ਆਪਣੀ ਇਸ ਸ਼ਾਬਦਿਕ ਕਲਾ ਨਾਲ ਇਕੋ ਸ਼ਬਦ ਵਿਚੋਂ ਉਸਦੇ ਅਰਥ ਦੀਆਂ ਵਿਵਿਧ ਸੰਭਾਵਨਾਵਾਂ ਉਜਾਗਰ ਕਰ ਸਕਦਾ ਹੈ। ਸ਼ਬਦ ਦੇ ਇਸੇ ਬਹੁ-ਪਾਸਾਰੀ ਅਤੇ ਅਨੇਕ-ਅਰਥੀ ਸੁਭਾ ਨੂੰ ਮੁੱਖ ਰੱਖ ਕੇ ਸੰਸਕ੍ਰਿਤ ਵਿਦਵਾਨਾਂ ਨੇ ਸ਼ਬਦ-ਸ਼ਕਤੀਆਂ ਦਾ ਵਰਣਨ ਕੀਤਾ ਹੈ।ਭਾਰਤੀ ਕਾਵਿ ਸ਼ਾਸਤਰ ਦੇ ਧੁਨੀ ਸੰਪ੍ਰਦਾਇ ਪ੍ਰਾਪਤ ਅਭਿਧਾ, ਲਕਸ਼ਣਾ ਤੇ ਵਿਅੰਜਨਾ ਸ਼ਬਦ ਸ਼ਕਤੀਆਂ ਦੇ ਵੱਖੋ-ਵੱਖਰੇ ਅਰਥਗਤ ਦਾਇਰਿਆਂ ਵੱਲ ਸੰਕੇਤ ਕਰਦੇ ਹਨ।ਅਭਿਧਾ ਸ਼ਕਤੀ ਅਜਿਹੀ ਸ਼ਕਤੀ ਹੈ ਜਿਸ ਵਿਚ ਅਸੀਂ ਹਰ ਸ਼ਬਦ ਦੇ ਮੁੱਢਲੇ ਅਤੇ ਕੋਸ਼ਗਤ ਅਰਥ ਜਾਣਨ ਦੇ ਸਮਰੱਥ ਹੁੰਦੇ ਹਾਂ। ਇਸ ਵਿਚ ਕਿਤੇ ਵੀ ਕੋਈ ਵਿਅੰਗ, ਉਪਦੇਸ਼, ਜਾਂ ਗੁੱਝਾ ਭੇਦ ਨਹੀਂ ਹੁੰਦਾ। ਇਹ ਸ਼ਬਦ ਸ਼ਕਤੀ ਕਿਸੇ ਵੀ ਸ਼ਬਦ ਦੇ ਸਾਧਾਰਨ ਕੋਸ਼ਗਤ ਅਰਥਾਂ ਨੂੰ ਪ੍ਰਗਟ ਕਰਨ ਵਿਚ ਸਹਾਈ ਹੁੰਦੀ ਹੈ।ਇਹ ਸ਼ਬਦ ਤੇ ਅਰਥ ਦਰਮਿਆਨ ਸੰਬੰਧ ਸਥਾਪਿਤ ਕਰਦੀ ਹੈ ਪਰ ਇਹ ਸਾਧਾਰਨ ਅਰਥਾਂ ਤੋਂ ਪਰ੍ਹੇ ਨਹੀਂ ਜਾਂਦਾ।ਲਕਸ਼ਣਾ ਸ਼ਬਦ ਸ਼ਕਤੀ ਅਜਿਹੀ ਹੈ ਜਿਸ ਵਿਚ ਸ਼ਬਦ ਦਾ ਅਭਿਧਾ ਸ਼ਕਤੀ ਤੋਂ ਰਤਾ ਵੱਖਰਾ ਅਰਥ ਬੋਧ ਪ੍ਰਾਪਤ ਹੁੰਦਾ ਹੈ।ਵਿਅੰਜਨਾ ਸ਼ਕਤੀ ਅਜਿਹੀ ਸ਼ਕਤੀ ਹੈ ਜਿਸਦਾ ਸੰਬੰਧ ਕਾਵਿ-ਭਾਸ਼ਾ ਨਾਲ ਹੈ।ਇਸ ਵਿਚ ਕਿਸੇ ਗੁੱਝੇ ਅਰਥ, ਕਟਾਖਸ਼ ਜਾਂ ਵਿਅੰਗ ਦੀ ਪੇਸ਼ਕਾਰੀ ਹੁੰਦੀ ਹੈ ਜੋ ਕਵੀ ਵੱਲੋਂ ਅਚੇਤ ਜਾਂ ਸੁਚੇਤ ਰੂਪ ਵਿਚ ਹੋ ਸਕਦੀ ਹੈ। ਇਹ ਅਰਥ ਨੂੰ ਨਿਸ਼ਚਿਤ ਨਹੀਂ ਕਰਦੀ ਉਸ ਦੀਆਂ ਅਨੰਤ ਪਰਤਾਂ ਉਜਾਗਰ ਕਰਦੀ ਹੈ।ਇਹ ਅਜਿਹੀ ਸ਼ਬਦ ਸ਼ਕਤੀ ਹੈ ਜੋ ਸ਼ਬਦ ਦੀ ਬਜਾਇ ਅਰਥ ਨੂੰ ਸੁਝਾਉਂਦੀ ਅਤੇ ਬਹੁਅਰਥਤਤਾ ਵੱਲ ਇਸ਼ਾਰਾ ਕਰਦੀ ਹੈ।ਇਹ ਸ਼ਬਦ ਸ਼ਕਤੀ ਸ਼ਬਦ ਵਿਚ ਲੁਕੇ ਅਰਥਾਂ ਨੂੰ ਪ੍ਰਕਾਸ਼ ਕਰਨ ਦੀ ਸਮਰੱਥਾ ਰੱਖਦੀ ਹੈ।ਜਦੋਂ ਅਭਿਧਾ ਅਤੇ ਲਕਸ਼ਣਾ ਸ਼ਬਦ ਸ਼ਕਤੀਆਂ ਦੇ ਬਾਵਜੂਦ ਕਿਸੇ ਹੋਰ ਅਲਹਿਦਾ ਅਰਥ ਦੀ ਪ੍ਰਤੀਤੀ ਹੋਵੇ ਤਾਂ ਉੱਥੇ ਵਿਅੰਜਨਾ ਸ਼ਬਦ ਸ਼ਕਤੀ ਮੌਜੂਦ ਹੁੰਦੀ ਹੈ। ਵਾਰਤਕ ਵਿਚ ਆਮ ਤੌਰ ਤੇ ਅਭਿਧਾ ਦੇਖੀ ਜਾ ਸਕਦੀ ਹੈ ਜਿਸ ਵਿਚ ਸ਼ਬਦ ਦਾ ਕਾਰਜ ਸਿਰਫ ਸੰਚਾਰ ਕਰਨਾ ਹੈ ਇਹ ਸ਼ਕਤੀ ਸ਼ਬਦ ਨੂੰ ਆਪਣੇ ਕੋਸ਼ਗਤ ਅਰਥ ਤੋਂ ਬਾਹਰ ਨਹੀਂ ਜਾਣ ਦਿੰਦੀ ਜਿਸਦੇ ਅਰਥ ਨਿਸ਼ਚਿਤ ਹੁੰਦੇ ਹਨ।ਲਕਸ਼ਣਾ ਸ਼ਕਤੀ ਵਾਰਤਕ ਤੇ ਕਾਵਿ ਦੋਵਾਂ ਵਿਚ ਹੋ ਸਕਦੀ ਹੈ ਵਿਚ ਹੈ ਪਰ ਇਹ ਆਪਣੇ ਕੋਸ਼ਗਤ ਅਰਥ ਤੋਂ ਇੰਨੀ ਵੀ ਪਰ੍ਹੇ ਨਹੀਂ ਜਾਂਦੀ ਕਿ ਪਾਠਕ ਨੂੰ ਇਸ ਵਿਚਲਾ ਅਰਥ ਜਾਂ ਭਾਵ ਸਮਝ ਹੀ ਨਾ ਆ ਸਕੇ ਪਰ ਵਿਅੰਜਨਾ ਅਜਿਹੀ ਸ਼ਬਦ ਸ਼ਕਤੀ ਹੈ ਜੋ ਇਨ੍ਹਾਂ ਦੋਹਾਂ ਸ਼ਬਦ ਸ਼ਕਤੀਆਂ ਤੋਂ ਭਿੰਨ ਹੈ। ਭਾਵੇਂ ਵਿਅੰਜਨਾ ਸ਼ਬਦ ਸ਼ਕਤੀ ਤੋਂ ਕਾਵਿ-ਭਾਸ਼ਾ ਸਬੰਧੀ ਬਹੁਤ ਠਿੱਗਰ ਸੂਝ ਪ੍ਰਾਪਤ ਹੁੰਦੀ ਹੈ ਪਰ ਇਹ ਧੁਨੀ ਸਿਧਾਂਤ ਕਾਵਿ ਦੇ ਸ਼ਬਦ-ਅਰਥ ਤੋਂ ਅੱਗੇ ਨਹੀਂ ਜਾ ਸਕਿਆ।ਇਸਦੇ ਬਾਵਜੂਦ ਧੁਨੀ ਸਿਧਾਂਤ ਨੇ ਹੀ ਸਾਧਾਰਨ ਬੋਲ-ਚਾਲੀ ਜਾਂ ਕੋਸ਼ਗਤ ਅਰਥ (ਅਭਿਧਾ) ਤੋਂ ਕਾਵਿ-ਅਰਥ (ਵਿਅੰਜਨਾ) ਵਿਚ ਪਹਿਲੀ ਵਾਰ ਨਿਖੇੜ ਸਥਾਪਿਤ ਕਰਨ ਵਿਚ ਆਪਣੀ ਵਿਲੱਖਣਤਾ ਸਥਾਪਿਤ ਕੀਤੀ ਹੈ। ਕਵਿਤਾ ਦੀ ਭਾਸ਼ਾ ਵਿਅੰਜਨ-ਮੁਖ ਹੁੰਦੀ ਹੈ।ਇਹ ਰਸਮਈ, ਸੁਹਜਮਈ ਤੇ ਬਹੁ-ਅਰਥਕ ਹੁੰਦੀ ਹੈ। ਕਾਵਿ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸ਼ਬਦ ਵਰਤੋਂ ਬੜੇ ਸੂਖ਼ਮ, ਅਮੀਰ ਤੇ ਸ਼ਕਤੀਸ਼ਾਲੀ ਰੂਪ ਵਿਚ ਕੀਤੀ ਜਾਂਦੀ ਹੈ।

ਕਵਿਤਾ ਦੀ ਭਾਸ਼ਾ ਵਿਅੰਜਨ-ਮੁਖ ਹੁੰਦੀ ਹੈ।ਇਸ ਕਰਕੇ ਸਾਹਿਤ ਵਿਚ ਭਾਸ਼ਾ ਦੀ ਵਲੇਵੇਂਦਾਰ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ। ਭਾਸ਼ਾ ਦੀ ਵਲੇਵੇਂਦਾਰ ਵਰਤੋਂ ਨੂੰ ਭਾਰਤੀ ਕਾਵਿ ਸ਼ਾਸਤਰ ਵਿਚ ਵਕ੍ਰੋਕਤੀ ਵੀ ਕਿਹਾ ਜਾਂਦਾ ਹੈ। ਸਾਹਿਤਕ ਅਰਥਾਂ ਵਿਚ ਵਕ੍ਰੋਕਤੀ ਸ਼ਬਦਾਂ ਦਾ ਪ੍ਰਯੋਗ ਗੱਲ ਨੂੰ ਵਿਲੱਖਣ ਢੰਗ ਨਾਲ ਕਹਿਣ ਲਈ ਕੀਤਾ ਜਾਂਦਾ ਹੈ। ਵਕ੍ਰੋਕਤੀ ਦੀ ਵਰਤੋਂ ਦੋ ਅਰਥਾਂ ਵਿਚ ਹੁੰਦੀ ਹੈ, ਇੱਕ ਅਲੰਕਾਰ ਵਿਸ਼ੇਸ਼ ਦੇ ਰੂਪ ਵਿਚ ਅਤੇ ਦੂਜਾ ਕਥਨ ਦੀ ਵਕ੍ਰਤਾ ਜਾਂ ਅਸਾਧਾਰਨਤਾ ਦੇ ਰੂਪ ਵਿਚ। ਵਕ੍ਰੋਕਤੀ ਸਿਧਾਂਤ ਨਿੱਤ ਜੀਵਨ ਵਿਚਲੀ ਭਾਸ਼ਾ ਨੂੰ ਕਾਵਿ-ਭਾਸ਼ਾ ਨਾਲੋਂ ਨਿਖੇੜਦਾ ਹੋਇਆ ਕਾਵਿ ਦੀ ਕਾਵਿਕਤਾ ਪਛਾਣਨ ਤੇ ਜ਼ੋਰ ਦਿੰਦਾ ਹੈ। ਅਸਲ ਵਿਚ ਇਹ ਕਵੀ ਦੀ ਕਲਾ ਕੁਸ਼ਲਤਾ ਦੁਆਰਾ ਸਿਰਜੀ ਵਿਚਿੱਤਰਤਾ ਹੈ। ਉਹ ਕਲਪਨਾ ਦੁਆਰਾ ਆਪਣੇ ਕਥਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦਾ ਹੈ।ਕਵਿਤਾ ਦੇ ਸ਼ਬਦ ਤੇ ਅਰਥ ਦੋਹਾਂ ਵਿਚ ਇਸ ਦੀ ਮਹੱਤਤਾ ਹੈ। ਕਾਵਿ ਵਿਚ ਸੁਭਾਵਿਕ ਕਥਨ ਜਾਂ ਵਰਣਨ

www.ignited.in

ਕੋਈ ਚਮਤਕਾਰ ਪੈਦਾ ਨਹੀਂ ਕਰਦਾ, ਚਮਤਕਾਰ ਦਾ ਆਧਾਰ ਭਾਸ਼ਾ ਦੀ ਸੁਹਜਾਤਮਕ ਵਰਤੋਂ ਤੇ ਨਿਰਭਰ ਕਰਦਾ ਹੈ। ਇਸ ਲਈ ਜਿਸ ਕਾਵਿ ਵਿਚ ਵਕ੍ਰਤਾ ਨਹੀਂ, ਉਹ ਕਾਵਿ ਦਾ ਦਰਜਾ ਹਾਸਿਲ ਨਹੀਂ ਕਰਦਾ। ਇਸ ਤੋਂ ਕਾਵਿ-ਭਾਸ਼ਾ ਦੀ ਪ੍ਰਕਿਰਤੀ ਸੰਬੰਧੀ ਵਿਸ਼ੇਸ਼ ਸੂਝ ਪ੍ਰਾਪਤ ਹੁੰਦੀ ਹੈ।

ਕਾਵਿ-ਭਾਸ਼ਾ ਨੂੰ ਸਾਧਾਰਨ ਭਾਸ਼ਾ ਤੋਂ ਵਖਰਿਆਇਆ ਜਾ ਸਕਦਾ ਹੈ ਪਰ ਅਸੰਬੰਧਿਤ ਨਹੀਂ ਕੀਤਾ ਜਾ ਸਕਦਾ।ਕਵੀ ਭਾਸ਼ਾ ਨੂੰ ਵਿਸਤਾਰ ਦਿੰਦਾ ਹੈ। ਇਸ ਤੋਂ ਭਾਵ ਇਹ ਹੈ ਕਿ ਆਮ ਬੋਲਚਾਲੀ ਭਾਸ਼ਾ ਵਿਚ ਵਕਤਾ ਗਿਣੀ-ਚੁਣੀ ਸ਼ਬਦਾਵਲੀ ਦਾ ਪ੍ਰਯੋਗ ਕਰਦਾ ਹੈ ਅਤੇ ਆਪਣਾ ਸੰਚਾਰ ਪ੍ਰਕਾਰਜ ਸਾਧ ਲੈਂਦਾ ਹੈ ਪਰ ਕਵੀ ਇਸ ਗਿਣੀ-ਚੁਣੀ ਸ਼ਬਦਾਵਲੀ ਨੂੰ ਹਰ ਵਾਰ ਨਵੇਂ ਅਰਥ ਤੇ ਪ੍ਰਸੰਗ ਵਿਚ ਸਿਰਜ ਕੇ ਇਸਦੀਆਂ ਅਨੰਤ ਸੰਭਾਵਨਾਵਾਂ ਜਗਾਉਂਦਾ ਹੈ। ਕਵੀ ਭਾਸ਼ਾ ਨੂੰ ਜਿਉਂਦਾ ਰੱਖਦਾ ਹੈ।ਕਾਵਿ-ਭਾਸ਼ਾ ਸਾਧਾਰਨ ਭਾਸ਼ਾ ਤੋਂ ਸ਼ਬਦ ਜ਼ਰੂਰ ਲੈਂਦੀ ਹੈ ਪਰ ਉਸ ਤੋਂ ਸ਼ਬਦ-ਭੰਡਾਰ ਲੈ ਕੇ ਵੱਖਰੇ ਸਿਰਜਣਾਤਮਕ ਚਰਿੱਤਰ ਦੀ ਧਾਰਨੀ ਹੋ ਜਾਂਦੀ ਹੈ। ਇਸ ਦਾ ਆਪਣਾ ਅਸਤਿਤਵ ਬਣ ਜਾਂਦਾ ਹੈ। ਜਿਸ ਤਰ੍ਹਾਂ ਨੋਮ ਚੌਮਸਕੀ ਦੇ ਕਹਿਣ ਅਨੁਸਾਰ ਕੁਝ ਸੀਮਿਤ ਅੱਖਰਾਂ ਤੋਂ ਅਣਗਿਣਤ ਸੰਰਚਨਾਵਾਂ ਬਣਾਈਆਂ ਜਾ ਸਕਦੀਆਂ ਹਨ ਉਸੇ ਤਰ੍ਹਾਂ ਕਾਵਿ-ਭਾਸ਼ਾ ਸਾਧਾਰਨ ਭਾਸ਼ਾ ਦਾ ਹਿੱਸਾ ਹੁੰਦੀ ਹੋਈ ਅਣਗਿਣਤ ਕਾਵਿ-ਸੰਰਚਨਾਵਾਂ ਸਿਰਜਣ ਦੀ ਸਮਰੱਥਾ ਰੱਖਦੀ ਹੈ ਭਾਵੇਂ ਇਹ ਲੈਂਗ ਰੂਪ ਵਿਚ ਹਰ ਭਾਸ਼ਾਈ ਬੁਲਾਰੇ ਕੋਲ ਮੌਜੂਦ ਹੁੰਦੀ ਹੈ ਪਰ ਹਰ ਕਵੀ ਦਾ ਪੈਰੋਲ ਜਾਂ ਵਿਅਕਤੀਗਤ ਉਚਾਰ ਵੱਖਰੀ ਕਿਸਮ ਦਾ ਹੁੰਦਾ ਹੈ। ਜਿਸ ਨਾਲ ਕਾਵਿ-ਭਾਸ਼ਾ ਆਪਣਾ ਇਕ ਨਵਾਂ ਰੂਪ ਕਾਇਮ ਕਰ ਲੈਂਦੀ ਹੈ।ਮਿਸ਼ੇਲ ਰਿਫਾਤਰੇ ਨੇ ਆਪਣੀ ਪੁਸਤਕ ***Semiotics of Poetry*** ਵਿਚ ਕਵਿਤਾ ਦੀ ਭਾਸ਼ਾ ਵਿਚ ਸਮਾਈ ਸ਼ਬਦ ਤੋਂ ਅਰਥ ਤੱਕ ਦੀ ਪ੍ਰਕਿਰਿਆ ਦਾ ਅਧਿਐਨ ਕੀਤਾ ਹੈ। ਉਸ ਨੇ ਕਵਿਤਾ ਦੀ ਭਾਸ਼ਾ ਵਿਚ ਅਰਥ ਸੰਰਚਨਾ ਨੂੰ ਗੈਰ-ਕਾਵਿਕ ਟੈਕਸਟ ਤੋਂ ਨਿਖੇੜਿਆ ਹੈ। ਉਸ ਅਨੁਸਾਰ ਕਾਵਿ-ਭਾਸ਼ਾ ਭਾਵੇਂ ਆਪਣੀ ਸ਼ਬਦਾਵਲੀ ਸਾਧਾਰਨ ਭਾਸ਼ਾ ਤੋਂ ਪ੍ਰਾਪਤ ਕਰਦੀ ਹੈ ਫਿਰ ਵੀ ਇਹ ਹਰ ਪ੍ਰਕਾਰ ਦੀ ਭਾਸ਼ਾ ਤੇ ਵਿਆਕਰਣਕ ਵਿਧੀ-ਵਿਧਾਨ ਤੋਂ ਪਾਰ ਜਾਂਦੀ ਹੈ। ਇਸਦੀ ਆਪਣੀ ਵਿਸ਼ੇਸ਼ ਵਿਆਕਰਣ ਹੈ ਜਿਸਦੇ ਮਾਧਿਅਮ ਰਾਹੀਂ ਕਵਿਤਾ ਕਹਿੰਦੀ ਕੁਝ ਹੋਰ ਹੈ ਤੇ ਇਸਦਾ ਅਰਥ ਕੁਝ ਹੋਰ ਹੁੰਦਾ ਹੈ। ਮਿਸ਼ੇਲ ਰਿਫਾਤਰੇ ਨੇ ਕਵਿਤਾ ਦੀ ਇਹ ਪਰੋਖ ਪੇਸ਼ਕਾਰੀ ਉਸ ਦੀ ਕਾਵਿ-ਭਾਸ਼ਾ ਦੇ ਤਿੰਨ ਪੱਧਰਾਂ 'ਤੇ ਪਛਾਣੀ ਹੈ। ਉਸ ਅਨੁਸਾਰ " ਪਹਿਲਾ ਪੱਧਰ ਸ਼ਬਦ-ਪ੍ਰਬੰਧ ਨੂੰ ਅਗਾਂਹ-ਪਿਛਾਂਹ ਕਰਨ, ਦੂਜਾ ਸ਼ਬਦਾਂ ਨੂੰ ਤੋੜ-ਮਰੋੜ ਕੇ ਇਨ੍ਹਾਂ ਦੀ ਬਦਲਵੀਂ ਵਰਤੋਂ ਕਰਨ ਅਤੇ ਤੀਜਾ ਪੱਧਰ ਨਵ-ਸਿਰਜਣਾ ਦਾ ਪੱਧਰ ਹੈ। ਇਹ (ਕਾਵਿ-ਭਾਸ਼ਾ) ਸ਼ਬਦਾਂ ਨੂੰ ਅਗਾਂਹ-ਪਿਛਾਂਹ ਕਰਨ, ਦੂਜਾ ਸ਼ਬਦਾਂ ਨੂੰ ਤੋੜ-ਮਰੋੜ ਕੇ ਇਨ੍ਹਾਂ ਦੀ ਬਦਲਵੀਂ ਵਰਤੋਂ ਕਰਨ ਅਤੇ ਤੀਜਾ ਪੱਧਰ ਨਵ-ਸਿਰਜਣਾ ਦਾ ਪੱਧਰ ਹੈ।ਇਹ (ਕਾਵਿ-ਭਾਸ਼ਾ) ਸ਼ਬਦਾਂ ਨੂੰ ਅਗਾਂਹ ਪਿਛਾਂਹ ਉਦੋਂ ਕਰਦੀ ਹੈ ਜਦੋਂ ਚਿਹਨ ਇਕ ਅਰਥ ਤੋਂ ਦੂਜੇ ਅਰਥ ਵਿਚ ਤਬਦੀਲ ਹੁੰਦਾ ਹੈ, ਇਸ ਪੱਧਰ ਵਿਚ ਇਕ ਸ਼ਬਦ ਕਿਸੇ ਦੂਸਰੇ ਸ਼ਬਦ ਲਈ ਵਰਤਿਆ ਗਿਆ ਹੁੰਦਾ ਹੈ ਜਿਵੇਂ ਮੈਟਾਫਰ ਤੇ ਮੈਟਾਨਮੀ ਵਿਚ ਹੁੰਦਾ ਹੈ।ਇਹ (ਕਾਵਿ-ਭਾਸ਼ਾ) ਸ਼ਬਦਾਂ ਵਿਚ ਤੋੜ-ਮਰੋੜ ਉਦੋਂ ਕਰਦੀ ਹੈ ਜਦੋਂ ਇਸ ਵਿਚ ਬਹੁਅਰਥਤਤਾ, ਅੰਤਰ-ਵਿਰੋਧ ਜਾਂ ਨਿਰਾਰਥਕਤਾ ਸਿਰਜੀ ਜਾਣੀ ਹੋਵੇ। ਤੀਸਰਾ, ਸਿਰਜਣਾ ਦਾ ਪੱਧਰ ਉਦੋਂ ਆਉਂਦਾ ਹੈ ਜਦੋਂ ਪਾਠਾਤਮਕ ਖਲਾਅ ਕਿਸੇ ਅਜਿਹੇ ਨਿਵੇਕਲੇ ਸੰਗਠਨ ਸਿਧਾਂਤ ਵਿਚ ਇਸ ਤਰ੍ਹਾਂ ਕੰਮ ਕਰਦਾ ਹੈ ਕਿ ਇਹ ਚਿਹਨਕੀ ਰੂਪ ਵਿਚ ਸਾਰੇ ਭਾਸ਼ਾ ਵਿਗਿਆਨਕ ਸਥੂਲ ਵਸਤ ਵਰਤਾਰਿਆਂ ਨੂੰ ਪਾਰ ਕਰ ਜਾਣ ਦੀ ਸਮਰੱਥਾ ਰਖਦਾ ਹੈ। ਅਜਿਹਾ ਸਿਰਜਣਾਤਮਕ ਪੱਧਰ ਭਾਵੇਂ ਅਰਥਵਾਨ ਨਾ ਵੀ ਹੋਵੇ ਤਾਂ ਵੀ ਇਹ (ਕਾਵਿ ਭਾਸ਼ਾਈ ਅਰਥਾਂ ਵਿਚ) ਅਰਥਵਾਨ ਰਹਿੰਦਾ ਹੈ।"[1]

ਉਸ ਅਨੁਸਾਰ ਕਵਿਤਾ ਦੀ ਵਿਧੀ ਅਜਿਹੀ ਹੈ ਕਿ ਵਸਤਾਂ ਤੇ ਵਰਤਾਰਿਆਂ ਨੂੰ ਪਰੋਖ ਰੂਪ ਵਿਚ ਪੇਸ਼ ਕਰਦੀ ਹੈ। ਮੁਕਾਰੋਵਸਕੀ ਅਨੁਸਾਰ ਕਾਵਿ ਭਾਸ਼ਾ ਤੇ ਮਿਆਰੀ ਭਾਸ਼ਾ ਇਕੋ ਭਾਸਾ ਦੇ ਦੋ ਵਿਸਤਾਰ ਹਨ। ਕਾਵਿ ਵਿਚ ਭਾਸ਼ਾ ਤਾਂ ਜਾਣੀ-ਪਛਾਣੀ ਹੁੰਦੀ ਹੈ, ਪਰ ਇੱਥੇ ਇਸਦਾ ਪ੍ਰਕਾਰਜ ਵੱਖਰਾ ਹੁੰਦਾ ਹੈ। ਕਾਵਿ-ਭਾਸ਼ਾ ਕੋਲ ਆਪਣੀ ਮੂਲ ਭਾਸ਼ਾ ਦੇ ਸਾਰੇ ਰੂਪ ਹੁੰਦੇ ਹਨ। ਉਸ ਕੋਲ ਮੂਲ ਭਾਸ਼ਾ ਦੇ ਭਿੰਨ-ਭਿੰਨ ਖੇਤਰਾਂ ਦੀ ਹਵਾਲਾ ਸਮੱਗਰੀ ਵੀ ਹੁੰਦੀ ਹੈ। ਕਾਵਿ ਕਿਰਤ ਵਿਚ ਹੀ ਭਾਸ਼ਾ ਦੇ ਇਹ ਭਿੰਨ-ਭਿੰਨ ਰੂਪ ਪਛਾਣੇ ਜਾ ਸਕਦੇ ਹਨ।ਉਸ ਅਨੁਸਾਰ ਕਾਵਿ-ਭਾਸ਼ਾ ਵਿਚ ਕੁਝ ਆਪਣੀ ਤਰ੍ਹਾਂ ਦੀ ਵਿਲੱਖਣ ਸ਼ਬਦਾਵਲੀ ਤੇ ਨਿਵੇਕਲੇ ਵਿਆਕਰਣਕ ਰੂਪ ਹੁੰਦੇ ਹਨ ਜੋ ਇਸਨੂੰ 'ਕਾਵਿਕ' ਬਣਾਉਂਦੇ ਹਨ। ਇਨ੍ਹਾਂ ਅਰਥਾਂ ਵਿਚ ਕਾਵਿ-ਭਾਸ਼ਾ ਵਿਚ ਕਵੀ ਜਿੰਨਾ ਮੌਲਿਕ ਹੈ ਲਗਭਗ ਉਨਾ ਹੀ (ਸ਼ਬਦ ਭੰਡਾਰ ਲੈਣ ਦੇ ਅਰਥ ਵਿਚ) ਪਰੰਪਰਕ ਹੈ। ਇਸ ਵਿਚਲੀ ਭਾਸ਼ਾ ਆਪਣੇ ਤੋਂ ਪੂਰਬਲੀ ਪਰੰਪਰਾ ਦੀ ਦੇਣਦਾਰ ਹੈ। ਕਿਸੇ ਵੀ ਕਵੀ ਦੁਆਰਾ ਸ਼ੁੱਧ ਮੌਲਿਕਤਾ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਇਸ ਗੱਲ ਨੂੰ ਅੰਤਰ-ਪਾਠ ਦੇ ਸੰਕਲਪ ਰਾਹੀਂ ਸਪੱਸ਼ਟ ਕੀਤਾ ਜਾ ਸਕਦਾ ਹੈ। ਕਾਵਿ-ਭਾਸ਼ਾ ਸਬੰਧੀ ਜੂਲੀਆ ਕ੍ਰਿਸਤੀਵਾ ਦੀ ਇਹ ਸੂਝ ਬਹੁਤ ਮੁੱਲਵਾਨ ਹੈ ਕਿਉਂਕਿ ਇਸ ਤੋਂ ਸਪਸ਼ੱਟ ਹੁੰਦਾ ਹੈ ਕਿ ਹਰ ਕਾਵਿ ਪਾਠ ਆਪਣੇ ਪੂਰਬਲੇ ਪਾਠਾਂ ਜਾਂ ਸਮਾਜ ਸਭਿਆਚਾਰ ਦਾ ਪ੍ਰਤੀਫਲ ਹੈ। ਉਸਦੀ ਸਥਾਪਨਾ ਹੈ ਕਿ ਹਰ ਪਾਠ ਆਪਣੇ ਤੋਂ ਪੂਰਬਲੇ ਕਿਸੇ ਪਾਠ ਦਾ ਨਤੀਜਾ ਹੁੰਦਾ ਹੈ।

ਕਾਵਿ-ਭਾਸ਼ਾ ਦੀ ਸਿਰਜਣਾ ਵਿਚ ਵਸਤੂ-ਸੰਸਾਰ ਤੇ ਪ੍ਰਤੀਕ-ਸੰਸਾਰ ਦੋਵੇਂ ਤਰ੍ਹਾਂ ਦੇ ਤੱਤ ਕਾਰਜਸ਼ੀਲ ਰਹਿੰਦੇ ਹਨ। ਇਨ੍ਹਾਂ ਦੋਹਾਂ ਵਿਚੋਂ ਕੇਵਲ ਕਿਸੇ ਇਕ ਤੱਤ ਨਾਲ ਕਾਵਿ-ਭਾਸ਼ਾਈ ਸਿਰਜਣਾ ਨੂੰ ਸਾਕਾਰ ਨਹੀਂ ਕੀਤਾ ਜਾ ਸਕਦਾ। ਕਵੀ ਇਕ ਸਮਾਜਿਕ ਬਾਸ਼ਿੰਦਾ ਹੈ। ਉਹ ਆਪਣੀ ਸਰੋਤ ਸਮੱਗਰੀ ਸੰਬੰਧਿਤ ਸਮਾਜ ਸਭਿਆਚਾਰ ਵਿਚੋਂ ਅਖਜ਼ ਕਰਦਾ ਹੈ। ਇਸ ਕਰਕੇ ਉਹ ਵਸਤੂ ਸੰਸਾਰ ਨਾਲ ਜੁੜਿਆ ਹੋਇਆ ਹੈ। ਦੂਜੇ ਪਾਸੇ ਉਹ ਵਸਤੂ-ਸੰਸਾਰ ਤੋਂ ਪ੍ਰਾਪਤ ਸਰੋਤ ਸਮੱਗਰੀ ਨਾਲ ਆਪਣੀ ਸਾਹਿਤਕ ਸੂਝ ਸਦਕਾ ਇਕ ਨਵੀਂ ਸਿਰਜਣਾ ਨੂੰ ਜਨਮ ਵੀ ਦੇ ਰਿਹਾ ਹੁੰਦਾ ਹੈ। ਇਹ ਉਸਦਾ ਪ੍ਰਤੀਕੀ ਸੰਸਾਰ ਹੈ। ਇਹ ਪ੍ਰਤੀਕੀ ਸੰਸਾਰ ਪਰੋਖ ਰੂਪ ਵਿਚ ਵਸਤੂ-ਸੰਸਾਰ ਨਾਲ ਕਿਸੇ ਨਾ ਕਿਸੇ ਢੰਗ ਨਾਲ ਜੁੜਿਆ ਰਹਿੰਦਾ ਹੈ ਜਾਂ ਇਉਂ ਕਹੀਏ ਕਿ ਵਸਤੂ-ਸੰਸਾਰ ਤੋਂ ਬਿਨ੍ਹਾਂ ਪ੍ਰਤੀਕੀ ਸੰਸਾਰ ਦੀ ਸਿਰਜਣਾ ਸੰਭਵ ਨਹੀਂ। ਇਸੇ ਨੂੰ ਰੋਮਨਜੈਕਬਸਨ ਨੇ ਮੈਟਾਫਰ ਤੇ ਮੈਟਾਨਮੀ ਦਾ ਸੰਯੋਗ ਕਿਹਾ ਹੈ ਜੋ ਕਾਵਿ-ਭਾਸ਼ਾ ਸਬੰਧੀ ਮਹੱਤਵਪੂਰਨ ਅੰਤਰ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਕਿਸੇ ਵੀ ਸਾਹਿਤ ਪਾਠ ਦੀ ਸਿਰਜਣਾ ਮੈਟਾਫਰ ਤੇ ਮੈਟਾਨਮੀ ਦੇ ਸੰਯੋਗ ਤੋਂ ਬਿਨਾਂ ਸੰਭਵ ਨਹੀਂ। ਇਹ ਸਿਧਾਂਤ ਰੂਪਵਾਦ ਦੇ ਅਗਰਭੂਮਨ ਤੇ ਪਿੱਠਭੂਮਨ ਦੇ ਸੰਕਲਪ ਨਾਲ ਵੀ ਮੇਲ ਖਾਂਦਾ ਹੈ, ਜਿਸ ਵਿਚ ਅਗਰਭੂਮਨ ਤੇ ਪਿੱਠਭੂਮਨ ਜਾਂ ਮੈਟਾਫਰ ਤੇ ਮੈਟਾਨਮੀ ਦੋਵੇਂ ਮਿਲ ਕੇ ਕਾਵਿ-ਸਿਰਜਣਾ ਦਾ ਆਧਾਰ ਬਣਦੇ ਹਨ। ਇਸ ਤਰ੍ਹਾਂ ਕਾਵਿ ਸਿਰਜਣਾ ਲਈ ਇਸਦੀ ਕਾਵਿ ਭਾਸ਼ਾ ਵਿਚ ਵਸਤੂ ਸੰਸਾਰ ਤੇ ਸਿਰਜਣਾ ਸੰਸਾਰ ਦੋਵੇਂ ਬਰਾਬਰ ਸ਼ਾਮਿਲ ਹੁੰਦੇ ਹਨ।ਪ੍ਰਤੀਕ ਕਾਵਿ ਦੀ ਸਿਰਜਣਾਤਮਕਤਾ ਅਤੇ ਕਲਪਨਾਤਮਕਤਾ ਨਾਲ ਜੁੜਿਆ ਸੰਕਲਪ ਹੈ। ਜਦੋਂ ਵਸਤੂ ਜਗਤ ਦਾ ਪ੍ਰਤੱਖਣ ਤੇ ਕਵੀ ਦਾ ਅਨੁਭਵ ਸਿਰਜਣਾ ਦਾ ਰੂਪ ਲੈ ਕੇ ਕਾਵਿ ਵਿਚ ਆਉਂਦਾ ਹੈ ਤਾਂ ਕਾਵਿ ਦੀ ਭਾਸ਼ਾ ਸੁਹਜਾਤਮਕ ਬਿਰਤੀ ਦੀ ਹੋ ਜਾਂਦੀ ਹੈ। ਅਜਿਹੀ ਪ੍ਰਤੀਕ ਸਿਰਜਣਾ ਵਿਚ ਪ੍ਰਤੀਕ ਸਥੂਲ/ ਭੌਤਿਕ/ ਪਦਾਰਥਕ ਚੀਜ਼ਾਂ ਤੋਂ ਵਿੱਥ ਤੇ ਆਉਂਦਾ ਹੈ ਤਾਂ ਉਹ ਅਸਲ ਪ੍ਰਤੀਕ ਸਿਰਜਣਾ ਹੈ।ਕਾਵਿ-ਭਾਸ਼ਾ ਜਦੋਂ ਮਾਨਸਿਕਤਾ ਵਿਚ ਹੈ ਤਾਂ ਪ੍ਰਤੀਕ ਦੀ ਇਸ ਵਿਚ ਹੋਂਦ ਹੈ, ਪਰ ਜਦੋਂ ਇਹ ਪਦਾਰਥਿਕਤਾ/ ਸਰੀਰਿਕਤਾ ਵਿਚ ਹੈ ਤਾਂ ਪ੍ਰਤੀਕ ਦਾ ਸਾਰਥਿਕਤਾ ਨਹੀਂ ਹੈ। ਜਦੋਂ ਕਾਵਿ ਪਦਾਰਥਕਤਾ ਜਾਂ ਸਥੂਲਤਾ ਛੱਡ ਕੇ ਸ਼ੁੱਧ ਮਾਨਸਿਕਤਾ ਵਿਚ ਚਲਾ ਜਾਂਦਾ ਹੈ ਤਾਂ ਕਾਵਿ-ਭਾਸ਼ਾ ਵੀ ਸ਼ੁੱਧ ਹੈ। ਜਦੋਂ ਕੋਈ ਵਸਤੂ ਆਪਣੀ ਸਥੂਲਤਾ ਛੱਡ ਕੇ ਮਾਨਸਿਕ ਹੋਂਦ ਗ੍ਰਹਿਣ ਕਰਦੀ ਹੈ ਤਾਂ ਉਸ ਨੂੰ ਪ੍ਰਤੀਕ ਆਧਾਰੀ ਪ੍ਰਬੰਧ ਕਿਹਾ ਜਾਂਦਾ ਹੈ।ਜਿੱਥੇ ਮਾਨਸਿਕ ਪੇਸ਼ਕਾਰੀ ਹੈ ਉੱਥੇ ਮੌਲਿਕਤਾ ਤੇ ਨਵੀਨਤਾ ਹੈ।ਤਰਲੋਕ ਸਿੰਘ ਕੰਵਰ ਅਨੁਸਾਰ "ਕਲਾ-ਰੂਪ ਆਪਣੀ ਸਮਗਰਤਾ ਵਿਚ ਪ੍ਰਤੀਕ-ਰੂਪ ਹੈ। ਇਸ ਪ੍ਰਤੀਕ ਦੁਆਰਾ ਅਤਾਰਕਿਕ ਅਨੁਭਵ ਸਥਿਤੀਆਂ ਨੂੰ ਰੂਪ ਮਿਲਦਾ ਹੈ। ਅਦਿਖ ਤੇ ਅਕਥ ਅਨੁਭਵ ਸਥਿਤੀਆਂ ਨੂੰ ਰੂਪ ਮਿਲਦਾ ਹੈ। ਅਦਿਖ ਤੇ ਅਕਥ ਅਨੁਭਵ ਸਥਿਤੀਆਂ ਨੂੰ ਰੂਪਮਾਨ ਕਰਨ ਨਾਲ ਹੀ ਪ੍ਰਤੀਕ ਦੇ ਅਰਥ ਸਪਸ਼ਟ ਹੁੰਦੇ ਹਨ।"[2]

ਇਸ ਲਈ ਕਿਹਾ ਜਾ ਸਕਦਾ ਹੈ ਕਿ ਕਾਵਿ-ਭਾਸ਼ਾ ਜਿੰਨੀ ਯਥਾਰਥਕ ਹੋਵੇਗੀ ਉਨਾ ਉਹ ਆਮ-ਭਾਸ਼ਾ ਦੇ ਨੇੜੇ ਹੋਵੇਗੀ ਪਰ ਜਦੋਂ ਉਹ

www.ignited.in

ਮਾਨਸਿਕ/ਕਲਪਨਾਤਮਕ ਹੋਵੇਗੀ ਤਾਂ ਜ਼ਿਆਦਾ ਸੁਹਜਮਈ ਹੋਵੇਗੀ। ਇਸੇ ਕਰਕੇ ਬੌਦਰੀਲਾਰਦ ਨੇ ਪਰਾ-ਯਥਾਰਥ ਨੂੰ ਯਥਾਰਥ ਤੋਂ ਉੱਤਮ ਮੰਨਿਆ ਹੈ। ਜਿਹੜੀ ਕਵਿਤਾ ਤਰਲਤਾ ਅਤੇ ਭਾਵ-ਪ੍ਰਬੰਧ ਵਿਚ ਖੜੀ ਹੈ, ਉਹ ਵਧੇਰੇ ਪ੍ਰਤੀਕੀ ਹੈ। ਕਾਵਿ-ਭਾਸ਼ਾ ਜਦੋਂ ਸਥੂਲ ਵਰਤਾਰਿਆਂ ਦੀ ਥਾਂ ਭਾਵ-ਪੱਧਰ ਤੇ ਵਿਚਰਦੀ ਹੈ ਅਤੇ ਕਿਤੇ ਵੀ ਸਥੂਲ ਜਾਂ ਠੋਸ ਵੇਰਵਿਆਂ ਜਾਂ ਡੈਟੇ ਦੀਆਂ ਗਿਣਤੀਆਂ-ਮਿਣਤੀਆਂ ਵਿਚ ਨਹੀਂ ਪੈਂਦੀ ਤਾਂ ਇਹ ਵਧੇਰੇ ਪ੍ਰਤੀਕੀ ਹੁੰਦੀ ਹੈ। ਇਸਦਾ ਭਾਵ ਇਹ ਹੈ ਕਿ ਕਾਵਿ-ਭਾਸ਼ਾ ਪ੍ਰਪੰਚੀ/ਪਦਾਰਥਕ ਵਰਤਾਰਿਆਂ ਦਾ ਸਿੱਧਾ-ਸਪਾਟ ਪ੍ਰਦਰਸ਼ਨ ਬਣਨ ਦੀ ਥਾਂ ਇਨ੍ਹਾਂ ਨੂੰ ਭਾਵਨਾਤਮਕ ਸੰਕਲਪਾਂ ਵਿਚ ਉਤਾਰਦੀ ਹੈ। ਜਿਸ ਨਾਲ ਕਾਵਿ-ਭਾਸ਼ਾ ਭਾਵ-ਪ੍ਰਬੰਧ ਵਿਚ ਵਿਕਾਸ ਕਰਦੀ ਹੈ ਕਿਉਂਕਿ ਇਸ ਨੂੰ ਘਟਨਾ ਜਾਂ ਤੱਥ ਵਿਚ ਰੁਚੀ ਨਹੀਂ ਇਹ ਤਾਂ ਭਾਵਨਾਤਮਕ ਕੇਂਦਰ ਦੇ ਇਰਦ-ਗਿਰਦ ਫੈਲਦੀ ਹੈ। ਇਹੀ ਭਾਵ ਇਸ ਨੂੰ ਸ਼ਾਬਦਿਕ ਫੈਲਾਉ ਦਿੰਦਾ ਹੈ। ਭਾਵ-ਅਭਿਵਿਅਕਤੀ ਲਈ ਸਿਰਜਿਆ ਹਰ ਸ਼ਬਦ ਕਿਸੇ ਹੋਰ ਸ਼ਬਦ-ਲੜੀ ਵਿਚ ਫੈਲਦਾ ਜਾਂਦਾ ਹੈ। ਕੋਈ ਵੀ ਸ਼ਬਦ ਅਜਿਹਾ ਨਹੀਂ ਜੋ ਭਾਵ ਨੂੰ ਸਮੁੱਚਤਾ ਵਿਚ ਪਕੜ ਲੈਣ ਦਾ ਦਾਅਵਾ ਕਰ ਸਕਦਾ ਹੋਵੇ, ਕੇਵਲ ਕਾਵਿ-ਭਾਸ਼ਾਈ ਸੰਰਚਨਾਵਾਂ ਇਸਦੇ ਰਤਾ ਨਿਕਟ ਵਿਚਰਦੀਆਂ ਹਨ। ਇਹੀ ਕਾਵਿ ਭਾਸ਼ਾ ਦੀ ਮੁੱਢਲੀ ਵਿਸ਼ੇਸ਼ਤਾ ਹੈ।

ਕਾਵਿ-ਭਾਸ਼ਾ ਅਭਿਵਿਅਕਤੀ ਤੋਂ ਵੱਧ ਅਭਿਵਿਅੰਜਨ ਦੇ ਨੇੜੇ ਹੋਣੀ ਚਾਹੀਦੀ ਹੈ ਕਿਉਂਕਿ ਜਦੋਂ ਕਾਵਿ-ਭਾਸ਼ਾ ਅਭਿਵਿਅਕਤੀ ਦੇ ਨੇੜੇ ਹੁੰਦੀ ਹੈ ਤਾਂ ਉਸ ਵਿਚ ਸੰਦੇਸ਼/ਪੈਗਾਮ ਕਿਤੇ ਨਾ ਕਿਤੇ ਸੁਚੇਤ ਰੂਪ ਵਿਚ ਦਿਖਾਈ ਦਿੰਦਾ ਹੈ, ਜਿਸ ਕਰਕੇ ਅਭਿਵਿਅਕਤੀਮੂਲਕ ਕਾਵਿ-ਸਿਰਜਣਾ ਸੰਦੇਸ਼ ਜਾਂ ਕਾਵਿ-ਸੰਚਾਰ ਨੂੰ ਅੱਗੇ ਰੱਖਦੀ ਹੈ ਪਰ ਅਭਿਵਿਅੰਜਨ ਸਹਿਜ ਹੈ ਜਿਸ ਨੂੰ ਸਰੋਤੇ ਦੀ ਤੱਕ ਜਾਂ ਲਾਗ ਨਹੀਂ ਹੈ ਕਿਉਂਕਿ ਇਸ ਵਿਚ ਕਾਵਿ-ਸੰਚਾਰ ਦੀ ਪ੍ਰਮੁੱਖਤਾ ਨਹੀਂ ਹੁੰਦੀ ਕਾਵਿ-ਸੁਹਜ ਦੀ ਹੁੰਦੀ ਹੈ ਜੋ ਇਸ ਨੂੰ ਬਨਾਵਟੀ ਨਹੀਂ ਬਣਨ ਦਿੰਦਾ।ਕਾਵਿ-ਸਿਰਜਣਾ ਦੀ ਅਭਿਵਿਅਕਤੀ ਸਮੇਂ ਕਵੀ ਕਈ ਤਰ੍ਹਾਂ ਦੀਆਂ ਕਾਵਿ-ਜੁਗਤਾਂ ਨਾਲ ਸੁਚੇਤ ਰੂਪ ਵਿਚ ਕਾਵਿ ਨੂੰ ਕਲਾਤਮਕ ਬਣਾਉਣ ਦਾ ਯਤਨ ਕਰਦਾ ਹੈ ਜਿਸ ਵਿਚ ਉਹ ਕਈ ਕਾਵਿ-ਜੁਗਤਾਂ ਪ੍ਰਤੀਕ, ਛੰਦ, ਅਲੰਕਾਰ ਅਤੇ ਰਸ ਵਰਤਦਾ ਹੈ ਪਰ ਅਭਿਵਿਅੰਜਨ ਵਿਚ ਕਵੀ ਇਨ੍ਹਾਂ ਸਭ ਚੀਜ਼ਾਂ ਤੋਂ ਆਜ਼ਾਦ ਤੇ ਸਹਿਜ ਹੁੰਦਾ ਹੈ।

ਕਾਵਿ-ਸਿਰਜਣਾ ਵਿਚ ਕਵੀ ਦੀਆਂ ਸਮੁੱਚੀਆਂ ਬੁੱਧੀਪਰਕ ਜਾਂ ਸਚੇਤਨ ਕਿਰਿਆਵਾਂ ਖਾਮੋਸ਼ ਹੋ ਜਾਂਦੀਆਂ ਹਨ ਤੇ ਉਸਦਾ ਅਵਚੇਤਨ ਕਿਰਿਆਵੰਤ ਹੋ ਜਾਂਦਾ ਹੈ। ਅਜਿਹਾ ਕਹਿਣ ਤੋਂ ਭਾਵ ਇਹ ਨਹੀਂ ਕਿ ਕਾਵਿ-ਸਿਰਜਣਾ ਵਿਚ ਨਿਰਾ ਕਵੀ ਦਾ ਅਵਚੇਤਨ ਮਨ ਸ਼ਾਮਿਲ ਹੁੰਦਾ ਹੈ ਸਗੋਂ ਇਸਦਾ ਭਾਵ ਤਾਂ ਇਹ ਹੈ ਕਿ ਕਾਵਿ-ਸਿਰਜਣਾ ਲਈ ਭਾਵੇਂ ਅਚੇਤਨ/ਸਚੇਤਨ ਦੋਵੇਂ ਸ਼ਕਤੀਆਂ ਨਾਲੋਂ-ਨਾਲ ਚਲਦੀਆਂ ਹਨ ਪਰ ਅੰਤਰ ਕੇਵਲ ਮਿਕਦਾਰ ਦਾ ਹੈ। ਇਸ ਤਰ੍ਹਾਂ ਇਸ ਆਪਮੁਹਾਰੇ ਅਚੇਤਨ ਜਾਂ ਆਵੇਸ਼ ਰੂਪ ਹੋਈ ਸਿਰਜਣਾ ਦਾ ਸਿੱਧਾ ਸੰਬੰਧ ਕਾਵਿ-ਭਾਸ਼ਾ ਨਾਲ ਜੁੜਿਆ ਹੋਇਆ ਹੈ। ਅਵਚੇਤਨ ਮਨ/ਆਵੇਸ਼ ਵਿਚੋਂ ਸਿਰਜੀ ਕਾਵਿ-ਭਾਸ਼ਾ ਅਸੀਮਤਾ ਦਾ ਪਰਿਚੈ ਦਿੰਦੀ ਹੈ।ਕਾਵਿ-ਭਾਸ਼ਾ ਆਵੇਸ਼ ਵਿਚੋਂ ਵਧੇਰੇ ਨਿੱਗਰ ਹੋਂਦ ਗ੍ਰਹਿਣ ਕਰਦੀ ਹੈ, ਕਿਉਂਕਿ ਸਚੇਤ ਭਾਸ਼ਾਈ ਸਿਰਜਣਾ ਵਿਚ ਅਕਸਰ ਬਹੁਤ ਸਾਰੇ ਦਬਾਅ ਨਾਲੋਂ-ਨਾਲ ਕਾਰਜਸ਼ੀਲ ਰਹਿੰਦੇ ਹਨ। ਕਿਤੇ ਇਹ ਦਬਾਅ ਸਮਾਜਕ ਹਨ, ਕਿਤੇ ਨੈਤਿਕ ਤੇ ਕਿਤੇ ਰਾਜਨੀਤਿਕ। ਇਹ ਦਬਾਅ ਕਾਵਿ-ਸਿਰਜਣਾ ਨੂੰ ਨਿਯੰਤਰਿਤ ਕਰਦੇ ਰਹਿੰਦੇ ਹਨ। ਅਜਿਹੀ ਨਿਯੰਤਰਿਤ ਕਵਿਤਾ ਖੁੱਲ੍ਹਦੀ ਨਹੀਂ ਇਸਦੇ ਵਿਪਰੀਤ ਆਵੇਸ਼ ਸਿਰਜਣਾ ਆਉਂਦੀ ਹੈ। ਇਸ ਤਰ੍ਹਾਂ ਕਾਵਿ-ਭਾਸ਼ਾ ਦਾ ਅਹਿਮ ਤੱਤ ਆਵੇਸ਼ ਹੈ ਜੋ ਇਸ ਨੂੰ ਸੁਹਜਮਈ ਬਣਾਉਂਦਾ ਹੈ। ਆਵੇਸ਼ੀ ਸਿਰਜਣਾ ਕਿਸੇ ਖਾਸ ਵਿਚਾਰਧਾਰਾ, ਸਿਧਾਂਤ, ਨੁਕਤੇ ਨਾਲ ਸੰਬੰਧਿਤ ਨਹੀਂ ਹੁੰਦੀ ਅਤੇ ਨਾ ਹੀ ਇਸ ਨੂੰ ਵਿਆਕਰਣਕ ਬਣਤਰਾਂ, ਛੰਦ ਜਾਂ ਤੋਲ-ਤੁਕਾਂਤ ਦੇ ਨਿਯਮਾਂ ਦੀ ਪੈਰਵਾਈ ਕਰਦੇ ਦੇਖਿਆ ਜਾ ਸਕਦਾ ਹੈ। ਇਹ ਸ਼ਬਦਾਂ ਦਾ ਆਪਮੁਹਾਰਾ ਵਹਾਅ ਹੈ ਜਿਸ ਵਿਚ ਸ਼ਬਦ ਅਚੇਤ ਸਿਰਜਣਾਤਮਕ ਅਮਲ ਵਿਚ ਜੁੜਦੇ ਜਾਂਦੇ ਹਨ।ਆਵੇਸ਼ੀ ਭਾਸ਼ਾ ਅਜਿਹੀ ਹੁੰਦੀ ਹੈ ਜਿਸ ਵਿਚ ਕਵੀ ਆਪਣੇ ਅਨੁਭਵ ਨੂੰ ਸਹਿਜ-ਸੁਭਾ ਪ੍ਰਗਟਾਉਂਦਾ ਹੈ।ਇਹ ਨਿਸ਼-ਪ੍ਰਯੋਜਨ ਸਿਰਜੀ ਹੋਣ ਕਰਕੇ ਸਹਿਜ ਤੇ ਅਚੇਤ ਹੁੰਦੀ ਹੈ।ਇਸ ਵਿਚ ਭਾਸ਼ਾ ਦਾ ਅਵਚੇਤਨ ਪੱਖ ਵਧੇਰੇ ਕਿਰਿਆਸ਼ੀਲ ਰਹਿੰਦਾ ਹੈ। ਅਵਚੇਤਨ ਦੀ ਭਾਸ਼ਾ ਉੱਪਰ ਕਵੀ ਦਾ ਕੋਈ ਅਧਿਕਾਰ ਨਹੀਂ ਹੁੰਦਾ। ਇਸ ਵਿਚ ਅਨੁਭਵ ਨੂੰ ਬੇਰੋਕ ਪ੍ਰਗਟਾਵਾ ਪ੍ਰਾਪਤ ਹੁੰਦਾ ਹੈ।ਅਨੁਭਵ ਦੀ ਸਹਿਜ-ਸੁਭਾਵਿਕਤਾ ਹੀ ਕਵਿਤਾ ਦਾ ਰੂਪ ਲੈ ਲੈਂਦੀ ਹੈ।ਆਵੇਸ਼ੀ ਰਚਨਾ ਮਨੁੱਖੀ ਮਨ ਦੇ ਸੀਮਿਤ ਦਾਇਰਿਆਂ ਤੋਂ ਪਾਰ ਫੈਲਦੀ ਹੈ।ਆਵੇਸ਼ੀ ਰਚਨਾ ਸ਼ਬਦ ਚੋਣ ਵਿਚ ਨਹੀਂ ਪੈਂਦੀ, ਸਗੋਂ ਇਹ ਹਰ ਹੀਲੇ ਸਹਿਜ ਰਹਿੰਦੀ ਹੈ। ਕਵੀ ਲਈ ਆਵੇਸ਼ੀ ਹੋਣਾ ਜ਼ਰੂਰੀ ਹੈ, ਬੌਧਿਕ ਹੋਣਾ ਜ਼ਰੂਰੀ ਨਹੀਂ ਕਿਉਂਕਿ ਬੁੱਧੀਪਰਕ ਸੰਰਚਨਾਵਾਂ ਤੱਥਕ ਤੇ ਅੰਕੜਾਨੁਮਾ ਹੁੰਦੀਆਂ ਹਨ ਅਤੇ ਇਹ ਕਾਵਿ-ਸੰਰਚਨਾਵਾਂ ਨੂੰ ਭਾਵ ਵਿਚ ਨਹੀਂ ਫੈਲਣ ਨਹੀਂ ਦਿੰਦੀਆਂ, ਪਰ ਆਵੇਸ਼ ਇਸ ਤੋਂ ਵਿਪਰੀਤ ਹੈ।ਆਵੇਸ਼ ਦਾ ਸਬੰਧ ਅਵਚੇਤਨ ਨਾਲ ਹੈ, ਸੁਚੇਤ ਨਾਲ ਨਹੀਂ। ਇਸੇ ਕਰਕੇ ਕਾਵਿ ਦੀ ਭਾਸ਼ਾ ਨੂੰ ਵਿਉਂਤਿਆ ਨਹੀਂ ਜਾ ਸਕਦਾ। ਇਸਦੀ ਪ੍ਰਕਿਰਤੀ ਰਚਨਾਤਮਕ ਨਹੀਂ, ਸਿਰਜਣਾਤਮਕ ਹੁੰਦੀ ਹੈ।ਇਹ ਕਿਸੇ ਜ਼ਬਤ ਵਿਚ ਨਹੀਂ ਹੁੰਦੀ, ਜਿੱਥੇ ਕਵੀ ਦਾ ਭਾਸ਼ਾ ਤੇ ਜ਼ਬਤ ਹੈ, ਉੱਥੇ ਕਾਵਿ-ਭਾਸ਼ਾ ਸੁਹਜਾਤਮਕ ਨਹੀਂ ਹੋ ਸਕਦੀ। ਅਜਿਹੀ ਆਵੇਸ਼ੀ ਸਿਰਜਣ ਪ੍ਰਕਿਰਿਆ ਦਾ ਉਦਾਹਰਣ ਪੂਰਨ ਸਿੰਘ ਦੀ ਸਮੁੱਚੀ ਕਾਵਿ ਰਚਨਾ ਵਿਚ ਦੇਖਿਆ ਜਾ ਸਕਦਾ ਹੈ।

ਅਸਲ ਵਿਚ ਕਵਿਤਾ ਰਚੇ ਜਾਣ ਤੋਂ ਪਹਿਲਾਂ ਅਨੁਭਵ ਰੂਪ ਵਿਚ ਵਧੇਰੇ ਵੱਡੀ ਹੈ। ਜੇਕਰ ਇਸ ਅਨੁਭਵ ਨੂੰ ਕਾਵਿ-ਰਚਨਾ ਵਿਚ ਇਸਦੇ ਹਾਣ ਦੇ ਸ਼ਬਦ ਪ੍ਰਾਪਤ ਹੋ ਜਾਣ ਤਾਂ ਇਹ ਕਵਿਤਾ ਦੀ ਉੱਚਤਮ ਅਵਸਥਾ ਹੋਵੇਗੀ ਜਾਂ ਇਉਂ ਕਹੀਏ ਕਿ ਅਨੁਭਵ ਹੀ ਇਕ ਤਰ੍ਹਾਂ ਦਾ ਸ਼ੁੱਧ ਸਿਰਜਣ ਹੈ। ਕੱਟਿਆ-ਛਾਂਗਿਆ, ਤਰਾਸ਼ਿਆ ਅਨੁਭਵ ਕਾਵਿ-ਸਿਰਜਣਾ ਵਿਚ ਚਮਤਕਾਰੀ ਪ੍ਰਭਾਵ ਸਿਰਜਣ ਤੋਂ ਅਸਮਰੱਥ ਰਹਿੰਦਾ ਹੈ। ਕੇਵਲ ਕਾਵਿ-ਭਾਸ਼ਾ ਹੀ ਅਨੁਭਵ ਦਾ ਅਖੰਡ ਤੇ ਪ੍ਰਮਾਣਿਕ ਚਿੱਤਰ ਪੇਸ਼ ਕਰ ਸਕਣ ਦੀ ਥੋੜੀ ਬਹੁਤ ਯੋਗਤਾ ਰੱਖਦੀ ਹੈ।ਕਾਵਿ-ਭਾਸ਼ਾ ਅਜਿਹੀ ਸ਼ੈਅ ਹੈ ਜੋ ਪੂਰਵ-ਪ੍ਰਾਪਤ ਵਿਚਾਰ/ਸੰਕਲਪ ਦੇ ਆਧਾਰ ਤੇ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਕਵੀ ਦੇ ਅਨੁਭਵ ਦੀ ਸਾਰਥਕਤਾ ਤੱਕ ਪੁੱਜਣਾ ਕਠਿਨ ਹੈ। ਅਨੁਭਵ ਨੂੰ ਉਸੇ ਤਰ੍ਹਾਂ ਪੇਸ਼ ਕਰ ਸਕਣਾ ਅਸੰਭਵ ਹੈ। ਕਵੀ ਦੇ ਅਨੁਭਵ ਤੇ ਉਸਦੀ ਪੇਸ਼ਕਾਰੀ ਵਿਚ ਅੰਤਰ ਹੈ। ਅਮੌਲਿਕ ਅਨੁਭਵ ਜਾਂ ਮਹਿਜ਼ ਸ਼ਿਲਪੀ ਜੁਗਤਾਂ ਕਾਵਿ-ਭਾਸ਼ਾਈ ਸੰਰਚਨਾਵਾਂ ਨਹੀਂ ਸਿਰਜ ਸਕਦੀਆਂ। ਇਸ ਵਿਚ ਅਨੁਭਵ ਪ੍ਰਾਥਮਿਕ ਪੱਧਰ ਤੇ ਹੈ। ਇਸ ਲਈ ਕਾਵਿ-ਭਾਸ਼ਾ ਨੂੰ ਦੇਖਣ ਲਈ ਸ਼ਿਲਪੀ ਜੁਗਤਾਂ ਨਾਲੋਂ ਅਨੁਭਵ ਦੀ ਮੌਲਿਕਤਾ ਅਤੇ ਉਸਦੀ ਸਾਰਥਿਕਤਾ ਹੋਣਾ ਜ਼ਰੂਰੀ ਹੈ।ਜਿਹੜੀ ਕਵਿਤਾ ਕੇਵਲ ਸ਼ਿਲਪ-ਪ੍ਰਬੰਧ ਵਿਚ ਖੜ੍ਹੀ ਹੈ ਅਤੇ ਸਯਤਨ ਤੇ ਪੈਟਰਨ-ਯੁਕਤ ਹੈ, ਉਹ ਕਦੇ ਕਾਵਿ-ਭਾਸ਼ਾਈ ਤੌਰ ਤੇ ਸੁਹਜ ਹੋਣ ਦੇ ਮਰਮ ਤੱਕ ਨਹੀਂ ਪਹੁੰਚ ਸਕਦੀ, ਕਾਵਿ ਭਾਸ਼ਾ ਦਾ ਆਧਾਰ ਜੀਵਨ-ਅਨੁਭਵ ਹੈ, ਸ਼ਿਲਪ-ਪ੍ਰਬੰਧ ਜਾਂ ਜੁਗਤਾਂ ਨਹੀਂ। ਜਿੰਨਾ ਕਵੀ ਦਾ ਅਨੁਭਵ ਵਿਸ਼ਾਲ ਹੋਵੇਗਾ ਕਾਵਿ-ਭਾਸ਼ਾ ਉਨੀ ਹੀ ਸੁਹਜਾਤਮਕ ਹੋਵੇਗੀ। ਕਵੀ ਦਾ ਅਨੁਭਵ ਤੇ ਉਸਦੇ ਸਿਰਜੇ ਜਾਣ ਦਾ ਵਕਫਾ ਮਿਲ ਕੇ ਕਾਵਿ ਸਿਰਜਣਾ ਜਾਂ ਕਾਵਿ-ਭਾਸ਼ਾ ਨੂੰ ਤੈਅ ਕਰਦੇ ਹਨ। ਕਾਵਿ ਭਾਸ਼ਾ ਹੀ ਵਸਤੂ ਜੀਵਨ ਤੇ ਕਾਵਿ ਜੀਵਨ ਵਿਚ ਵਕਫਾ ਨਿਰਧਾਰਿਤ ਕਰਦੀ ਹੈ ਅਤੇ ਅਨੁਭਵੀ ਸੰਸਾਰ ਦੇ ਨਿਕਟ ਵਿਚਰ ਸਕਣ ਦੀ ਯੋਗਤਾ ਦਾ ਬੋਧ ਕਰਾਉਂਦੀ ਹੈ।

ਕਾਵਿ-ਭਾਸ਼ਾ ਵਿਚ ਕਿਸੇ ਕਿਸਮ ਦੀ ਬਨਾਵਟ ਨਹੀਂ ਹੁੰਦੀ। ਸਾਧਾਰਨ ਭਾਸ਼ਾ ਵਿਚ ਸ਼ਬਦ ਬਾਹਰੀ ਜਗਤ ਨਾਲੋਂ ਆਪਣੇ ਸੰਦਰਭ ਵਿਚ ਪਛਾਣਿਆ ਜਾਂਦਾ ਹੈ ਜਦੋਂ ਕਿ ਕਾਵਿ-ਭਾਸ਼ਾ ਵਿਚ ਇਹ ਸੰਦਰਭ ਦੇਰ ਨਾਲ ਪਛਾਣਿਆ ਜਾਂਦਾ ਹੈ ਅਤੇ ਸ਼ਬਦ ਤੋਂ ਅਰਥ ਉਤਪਾਦਨ ਦੀ ਇਕ ਅੰਤਰੀਵੀ ਪ੍ਰਕਿਰਿਆ ਦਾ ਹਿੱਸਾ ਬਣ ਜਾਂਦਾ ਹੈ। ਕਵਿਤਾ ਵਿਚ ਅਰਥ ਪੈਦਾ ਹੋਣ ਦੀ ਇਹ ਪ੍ਰਕਿਰਿਆ ਭਾਸ਼ਾ ਦੇ ਨਿਤਾਪ੍ਰਤੀ ਪ੍ਰਯੋਗ ਦੀ ਇਕਰੂਪਤਾ ਤੇ ਇਕਸਾਰਤਾ ਤੋਂ ਬਿਲਕੁਲ ਵੱਖਰੀ ਤਰ੍ਹਾਂ ਵਾਪਰਦੀ ਹੈ। ਕਾਵਿ-ਭਾਸ਼ਾ ਖੁਦ ਆਪਣੇ ਅਸਤਿਤਵ ਤੋਂ ਪਾਠਕ ਨੂੰ ਜਾਣੂ ਕਰਵਾਉਂਦੀ ਹੈ। ਇਹ ਆਪਣੀ ਪਛਾਣ ਆਪ ਦਿੰਦੀ ਹੈ। ਕੋਈ ਸਿੱਧਾ-ਸਪਾਟ ਸੰਦੇਸ਼ ਦੇਣਾ ਜਾਂ ਪ੍ਰਾਪੇਗੰਡਾ ਕਰਨਾ ਇਸ ਦਾ ਮੰਤਵ ਨਹੀਂ, ਕਾਵਿ-ਭਾਸ਼ਾ ਦਾ ਮੁੱਖ ਪ੍ਰਕਾਰਜ ਸੁਹਜ-ਸਿਰਜਣਾ ਹੈ।

ਕਾਵਿ-ਭਾਸ਼ਾ ਕਿਸੇ ਬੰਦਿਸ਼ ਨੂੰ ਨਹੀਂ ਸਵੀਕਾਰਦੀ ਕਿਉਂ ਜੋ ਇਹ ਕਿਸੇ ਨੇਮ ਨੂੰ ਨਹੀਂ ਜਾਣਦੀ। ਇਹ ਸਦਾ ਨਵੇਂ ਨੇਮਾਂ ਦੀ ਤਲਾਸ਼ ਵਿਚ ਰਹਿੰਦੀ ਹੈ, ਜਿਸ ਵਿਚ ਸਭ ਕੁਝ ਵੱਖਰਾ ਤੇ ਨਵਾਂ ਹੈ। ਇਸੇ ਨੂੰ ਕਵਿਤਾ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ। ਕਵਿਤਾ ਦੀ ਹਰ ਨਵੀਂ ਕਿਰਤ ਨਵੀਨਤਾ ਸਿਰਜਦੀ ਹੈ। ਇਹ ਹਰ ਵਾਰ ਸਥਾਪਿਤ ਨਿਯਮਾਂ ਦਾ ਵਿਸਥਾਪਨ ਕਰਦੀ ਜਾਂਦੀ ਹੈ। ਇਸ ਵਿਸਥਾਪਨ ਦਾ ਦੂਜਾ ਨਾਂ ਹੀ ਸਿਰਜਣਾ ਹੈ। ਅਜਿਹੀ ਵਿਸਥਾਪਿਤ ਸਿਰਜਣਾ ਉੱਪਰ ਕੁਝ ਗਿਣਵੇਂ-ਚੁਣਵੇਂ ਸਿਧਾਂਤਕ ਨਿਯਮ ਨਾ ਤਾਂ ਲਾਗੂ ਕੀਤੇ ਜਾ ਸਕਦੇ ਹਨ ਅਤੇ ਨਾ ਹੀ ਇਨ੍ਹਾਂ ਸਿਧਾਂਤਕ ਨਿਯਮਾਂ ਨਾਲ ਕਿਸੇ ਕਾਵਿ ਰਚਨਾ ਦੀ ਕਾਵਿ-ਭਾਸ਼ਾ ਨਾਲ ਪੂਰਨ-ਭਾਂਤ ਨਿਆਂ ਹੋ ਸਕਦਾ ਹੈ।ਕਾਵਿ-ਭਾਸ਼ਾ ਦੀ ਸੰਰਚਨਾ ਨੂੰ ਕਦੀ ਵੀ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਕਿਉਂ ਜੋ ਇਹ ਸਦਾ ਅਣ-ਸੰਰਚਿਤ ਜਾਂ ਸੰਰਚਨਾ ਰਹਿਤ ਪ੍ਰਕਿਰਤੀ ਦੀ ਧਾਰਨੀ ਹੁੰਦੀ ਹੈ। ਕਾਵਿ-ਭਾਸ਼ਾ ਲਗਾਤਾਰ ਅਜਿਹੀਆਂ ਅਣ-ਸੰਰਚਿਤ ਬਣਤਰਾਂ ਵਿਚ ਉਤਰਦੀ ਜਾਂਦੀ ਹੈ ਜਿਸਦਾ ਕੋਈ ਨਿਸ਼ਚਿਤ ਆਦਿ ਅੰਤ ਨਹੀਂ ਹੋ ਸਕਦਾ। ਕਾਵਿ-ਭਾਸ਼ਾ ਨੂੰ ਸੰਰਚਿਤ ਜ਼ਾਵੀਏ ਤੋਂ ਦੇਖਿਆਂ ਕਵਿਤਾ ਕਦੀ ਵੀ ਨਹੀਂ ਬਦਲੇਗੀ। ਨਿਸ਼ਚਿਤ ਸੰਰਚਨਾ ਦੇ ਰੂਪ ਵਿਚ ਇਹ ਸਥਿਰ ਤੇ ਅਬਦਲ ਨਿਯਮਾਂ ਦਾ ਸੰਗ੍ਰਹਿ ਬਣ ਕੇ ਰਹਿ ਜਾਵੇਗੀ। ਇਸ ਲਈ ਕਾਵਿ-ਭਾਸ਼ਾ ਨੂੰ ਸਦਾ ਵਿਗਾਸ ਜਾਂ ਗਤੀਸ਼ੀਲ ਰੂਪ ਵਿਚ ਦੇਖਿਆ ਜਾਣਾ ਯੋਗ ਹੈ।ਕਾਵਿ-ਭਾਸ਼ਾ ਦੀ ਇਸ ਗਤੀਸ਼ੀਲਤਾ ਨੂੰ ਕਿਸੇ ਵੀ ਪੜ੍ਹਤ ਜਾਂ ਵਿਸ਼ਲੇਸ਼ਣ ਨਾਲ ਖਚਿਤ ਜਾਂ ਖਤਮ ਨਹੀਂ ਕੀਤਾ ਜਾ ਸਕਦਾ। ਇਸ ਤੋਂ ਭਾਵ ਹੈ ਕਿ ਕਿਸੇ ਕਵਿਤਾ ਦੀ ਭਾਸ਼ਾਈ ਬਣਤਰ ਅਜਿਹੀ ਹੁੰਦੀ ਹੈ ਕਿ ਇਸਦੀ ਇਕੋ ਇਕ ਜਾਂ ਇਕਹਿਰੀ ਪੜ੍ਹਤ ਨਹੀਂ ਹੋ ਸਕਦੀ ਜੋ ਹਰਫ-ਏ-ਆਖਰ ਬਣ ਸਕਦੀ ਹੋਵੇ। ਇਹ ਕਦੀ ਨਹੀਂ ਕਿਹਾ ਜਾ ਸਕਦਾ ਕਿ ਕਿਸੇ ਕਵਿਤਾ ਦੀ ਕਾਵਿ-ਭਾਸ਼ਾ ਵਿਚ ਹੁਣ ਹੋਰ ਕੁਝ ਕਹਿਣ ਲਈ ਬਾਕੀ ਨਹੀਂ ਰਿਹਾ।

ਕਾਵਿ-ਭਾਸ਼ਾ ਦੀ ਵਿਸ਼ੇਸ਼ਤਾ ਇਸਦੇ ਸੰਦਰਭਮੂਲਕ ਹੋਣ ਵਿਚ ਵੀ ਅੰਕੀ ਜਾ ਸਕਦੀ ਹੈ। ਇਸ ਵਿਚ ਹਰ ਸ਼ਬਦ ਦਾ ਆਪਣਾ ਸੰਦਰਭ ਹੁੰਦਾ ਹੈ। ਕਵਿਤਾ ਦੀ ਬਹੁਅਰਥਕਤਾ ਇਸਦੇ ਸੰਦਰਭਾਂ ਕਰਕੇ ਹੀ ਹੈ।ਕਵਿਤਾ ਵਿਚ ਸੰਦਰਭ ਬਦਲਣ ਨਾਲ ਬਹੁਅਰਥਤਤਾ ਦੀਆਂ ਸੰਭਾਵਨਾਵਾਂ ਬਣ ਜਾਂਦੀਆਂ ਹਨ। ਇਸ ਕਰਕੇ ਕਾਵਿ-ਭਾਸ਼ਾ ਦਾ ਸੁਭਾਅ ਅਨਿਸ਼ਿਚਤ ਹੈ।ਇਹ ਸੰਦਰਭ ਆਪਣੇ ਆਪ ਵਿਚ ਭਾਵੇਂ ਭਾਸ਼ਾ ਦੇ ਬੋਲਚਾਲੀ ਰੂਪ ਵਿਚੋਂ ਸਰੋਤ ਵਾਂਗ ਗ੍ਰਹਿਣ ਕੀਤੇ ਜਾਂਦੇ ਹਨ ਪਰ ਇਹ ਅਰਥ ਨੂੰ ਇਸਦੀ ਨਿਸ਼ਚਿਤਤਾ ਤੋਂ ਅਨਿਸ਼ਚਿਤਤਾ ਤੱਕ ਲੈ ਜਾਂਦੇ ਹਨ। ਇਕ ਕਾਵਿ-ਭਾਸ਼ਾਈ ਸੰਦਰਭ ਇਕੋ ਵੇਲੇ ਅਸੀਮ ਅਰਥ ਸੰਭਾਵਨਾਵਾਂ ਦੀ ਟੋਹ ਦੇਣ ਦੇ ਸਮਰੱਥ ਹੁੰਦਾ ਹੈ। ਕਾਵਿ-ਭਾਸ਼ਾ ਦੀ ਇਸ ਸੰਦਰਭਮੂਲਕ ਵਿਸ਼ੇਸ਼ਤਾ ਕਰਕੇ ਹੀ ਇਸਨੂੰ ਕੇਵਲ ਭਾਸ਼ਾ ਵਿਗਿਆਨਕ ਜਾਂ ਵਿਗਿਆਨਕ ਅਰਥਾਂ ਵਿਚ ਨਹੀਂ ਪੜ੍ਹਿਆ ਜਾ ਸਕਦਾ, ਕਿਉਂਕਿ ਇਕ ਤਾਂ ਭਾਸ਼ਾਈ ਸ਼ਬਦਾਵਲੀ ਆਪਣੇ ਆਪ ਵਿਚ ਸਮਾਜ, ਸਭਿਆਚਾਰਕ ਅਰਥ ਨੂੰ ਨਾਲ ਰੱਖਦੀ ਹੈ ਤੇ ਆਮ ਭਾਸ਼ਾਈ ਬੋਲਚਾਲ ਵਿਚ ਇਸ ਇਕ ਭਾਸ਼ਾਈ ਸ਼ਬਦ ਦੀ ਹੀ ਇਕੋ ਵੇਲੇ ਕਈ-ਕਈ ਅਰਥਾਂ ਵਿਚ ਵਰਤੋਂ ਹੁੰਦੀ ਦੇਖੀ ਜਾ ਸਕਦੀ ਹੈ। ਦੂਜਾ, ਜਦੋਂ ਇਹੀ ਬੋਲਚਾਲੀ ਸ਼ਬਦ ਕਾਵਿ-ਭਾਸ਼ਾ ਦਾ ਅੰਗ ਬਣ ਕੇ ਕਵਿਤਾ ਵਿਚ ਕਿਸੇ ਨਵੇਂ ਸੰਦਰਭ ਵਿਚ ਆ ਜੁੜਦਾ ਹੈ ਤਾਂ ਇਸਨੂੰ ਅਸੀਮ ਵਿਸ਼ਾਲਤਾ ਤੇ ਗਹਿਰਾਈ ਪ੍ਰਾਪਤ ਹੋ ਜਾਂਦੀ ਹੈ। ਆਪਣੇ ਇਸ ਰੂਪ ਵਿਚ ਇਸਨੂੰ ਕਿਸੇ ਇਕ ਅਰਥ ਤੱਕ ਨਹੀਂ ਘਟਾਇਆ ਜਾ ਸਕਦਾ।

ਕਾਵਿ-ਭਾਸ਼ਾ 'ਬੋਲ' ਨਾਲੋਂ ਖਾਮੋਸ਼ੀ' ਦੇ ਵਧੇਰੇ ਨਿਕਟ ਹੈ। ਇਹ ਅਸਲ ਵਿਚ ਅਨੁਭਵ ਨੂੰ ਅਜਿਹੀਆਂ ਸ਼ੇਡਜ਼ ਵਿਚ ਢਾਲਦੀ ਹੈ ਕਿ ਇਹ ਅਕੱਥਨੀਯ ਬਣ ਜਾਂਦਾ ਹੈ। ਕਾਵਿ-ਭਾਸ਼ਾ ਅਜਿਹੀ ਸ਼ਬਦ ਸਿਰਜਣਾ ਦੇ ਰਾਹ ਪੈਂਦੀ ਹੈ ਜਿਸ ਵਿਚ ਸਿਰਜੇ ਗਏ ਸ਼ਬਦ ਕੁਝ ਕਹਿਣ ਜਾਂ ਇਸ਼ਾਰਾ ਕਰਨ ਨਾਲੋਂ ਖਾਮੋਸ਼ੀ ਦਾ ਪ੍ਰਭਾਵ ਵਧੇਰੇ ਸਿਰਜਦੇ ਹਨ, ਇਹ ਸ਼ਬਦ ਅਨੁਭਵ ਨੂੰ ਜਿਉਂ ਦਾ ਤਿਉਂ ਪੇਸ਼ ਕਰਨ ਦੀ ਥਾਂ ਉਸਨੂੰ ਬਹੁ-ਰੰਗਾ ਅਭਿਵਿਅੰਜਨ ਪ੍ਰਦਾਨ ਕਰ ਦਿੰਦੇ ਹਨ ਜਿਸ ਵਿਚ ਅਨੁਭਵ ਦੀ ਪੂਰੀ ਥਾਹ ਪਾ ਲੈਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ ਇਹ ਤਾਂ ' ਗੂੰਗੇ ਕੀ ਮਠਿਆਈ' ਵਰਗੀ ਸ਼ੈਅ ਹੈ, ਜਿਸ ਵਿਚ ਅਨੁਭਵ ਦਾ ਸੁਆਦ ਤਾਂ ਮਾਣਿਆ ਜਾ ਸਕਦਾ ਹੈ ਪਰ ਉਸਨੂੰ ਦੱਸਿਆ ਨਹੀਂ ਜਾ ਸਕਦਾ। ਕਾਵਿ-ਭਾਸ਼ਾ ਅਨੁਭਵ ਦੇ ਪ੍ਰਸਤੁਤੀਕਰਣ ਜਾਂ ਅਭਿਵਿਅਕਤੀ ਦਾ ਦਾਅਵਾ ਨਹੀਂ ਕਰਦੀ।

ਕਾਵਿ-ਭਾਸ਼ਾ ਵਿਚ ਹਰ ਸ਼ਬਦ ਦੀ ਆਪਣੀ ਅਹਿਮੀਅਤ ਤੇ ਸੂਹਜ ਹੈ।ਇਸ ਦੀ ਹਰ ਛੋਟੀ ਤੋਂ ਛੋਟੀ ਇਕਾਈ ਮਹੱਤਵਪੂਰਨ ਹੈ ਭਾਵੇਂ ਇਹ ਇਕਾਈ ਆਮ ਭਾਸ਼ਾ ਵਿਚ ਨਿਰਾਰਥਕ ਹੀ ਕਿਉਂ ਨਾ ਹੀ ਮੰਨੀ ਜਾਂਦੀ ਹੋਵੇ।ਕਾਵਿ-ਭਾਸ਼ਾ ਨੂੰ ਹਿੱਸਿਆਂ ਵਿਚ ਤੋੜ ਕੇ ਦੇਖਿਆ ਜਾਣਾ ਸੰਭਵ ਨਹੀਂ ਹੈ। ਕਾਵਿ-ਭਾਸ਼ਾ ਕਵਿਤਾ ਦੀ ਇਸ ਦੀ ਸਮੁੱਚੀ ਕਾਵਿ ਸੰਰਚਨਾ ਵਿਚ ਫੈਲੀ ਹੁੰਦੀ ਹੈ। ਰੋਲਾਂ ਬਾਰਥ ਅਨੁਸਾਰ ਸਾਹਿਤ ਜਾਂ ਕਾਵਿ ਦੇ ਹਿੱਸਿਆਂ ਨੂੰ ਤੋੜ ਕੇ ਦੇਖਿਆ ਜਾਣਾ ਸੰਭਵ ਨਹੀਂ ਹੈ। ਜਿਸ ਤਰ੍ਹਾਂ ਪਿਆਜ ਨੂੰ ਛਿੱਲਦਿਆਂ ਅਸੀਂ ਉਸਦੀਆਂ ਉਤਰਦੀਆਂ ਇਕ ਤੋਂ ਬਾਅਦ ਦੂਜੀਆਂ ਪਰਤਾਂ ਦੇਖਦੇ ਹਾਂ ਜਿਨ੍ਹਾਂ ਦੀ ਗਿਣਤੀ ਅਮੁੱਕ ਹੈ। ਉਸੇ ਤਰ੍ਹਾਂ ਕਾਵਿ ਵਿਚ ਉਸਦੇ ਸਿਰਫ ਵਿਸ਼ਾ, ਰੂਪਕ ਪੱਖ ਜਾਂ ਕੇਵਲ ਉਸਦੀ ਭਾਸ਼ਾਈ ਸੰਰਚਨਾ ਨੂੰ ਤੋੜ ਕੇ ਦੇਖਣਾ ਅਸੰਭਵ ਹੈ।ਇਸ ਨੂੰ ਇਕਾਈਆਂ ਜਾਂ ਖੰਡਾਂ ਵਿਚ ਨਹੀਂ ਤੋੜਿਆ ਜਾ ਸਕਦਾ। ਇਸਦੀ ਸਾਰਥਕਤਾ ਪੰਗਤੀਆਂ ਦੀ ਸਮੁੱਚਤਾ ਵਿਚ ਪਈ ਹੁੰਦੀ ਹੈ। ਕੁਝ ਕਵੀਆਂ ਦੀ ਰਚਨਾ ਵਿਚ ਇਹ ਕੇਵਲ ਸ਼ਬਦ ਪੱਧਰ ਤੇ ਹੀ ਵਾਪਰਦੀ ਹੈ। ਸਮਰੱਥਾਵਾਨ ਕਵੀ ਇਸਨੂੰ ਸਮੁੱਚੀ ਸੰਰਚਨਾ ਵਿਚ ਫੁੱਲਾਂ ਦੀ ਖੁਸ਼ਬੋ ਵਾਂਗ ਫੈਲਾ ਦਿੰਦਾ ਹੈ। ਇਸ ਲਈ ਕਾਵਿ-ਭਾਸ਼ਾ ਅੰਗਵਾਨ ਹੋ ਕੇ ਨਹੀਂ ਸਮੁੱਚਤਾ ਵਿਚ ਸਮਾ ਕੇ ਵਧੇਰੇ ਜਲੌਅ ਵਿਚ ਪ੍ਰਗਟ ਹੁੰਦੀ ਹੈ। ਇਹ ਡਿਗਰੀ ਦਾ ਅੰਤਰ ਹੈ। ਸ਼ਬਦ ਦੀ ਪੱਧਰ ਤੇ ਵਿਚਰਨ ਵਾਲੀ ਕਾਵਿ-ਭਾਸ਼ਾ ਤੋਂ ਤੁਰਿਆਂ ਵਾਕੰਸ਼, ਵਾਕੰਸ਼ ਤੋਂ ਵਾਕ ਤੇ ਵਾਕ ਤੋਂ ਕਾਵਿ ਬੰਦ ਜਾਂ ਸਮੁੱਚੀ ਕਵਿਤਾ ਤੱਕ ਲਗਾਤਾਰ ਕਵਿਤਾ ਹੋਰ ਸਮਰੱਥਾਵਾਨ ਹੁੰਦੀ ਜਾਂਦੀ ਹੈ।ਇਸ ਸੰਦਰਭ ਵਿਚ ਪੂਰਨ ਸਿੰਘ ਦੀ ਕਾਵਿ ਰਚਨਾ ਨੂੰ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਕਾਵਿ-ਭਾਸ਼ਾ ਕਾਵਿ ਦੀ ਸਮੁੱਚੀ ਸਰੰਚਨਾ ਵਿਚ ਫੈਲੀ ਹੁੰਦੀ ਹੈ। ਪੂਰਨ ਸਿੰਘ ਦੀ ਕਾਵਿ ਰਚਨਾ ਇਸ ਪ੍ਰਕਾਰ ਸਿਰਜੀ ਗਈ ਹੈ ਕਿ ਇਸਦੀ ਸੰਰਚਨਾ ਨੂੰ ਤੋੜਿਆ ਨਹੀਂ ਜਾ ਸਕਦਾ ਕਿਉਂਕਿ ਇਹ ਤੱਥ ਦੀ ਥਾਂ ਭਾਵਨਾ ਵਿਚ ਵਿਸਤਾਰ ਗ੍ਰਹਿਣ ਕਰ ਰਹੀ ਹੈ। ਕਾਵਿ-ਭਾਸ਼ਾ ਆਪਮੁਹਾਰੀ ਤੇ ਸਹਿਜ ਹੁੰਦੀ ਹੈ ਇਸ ਉੱਤੇ ਸੰਚਾਰ ਦਾ ਦਬਾਉ ਨਹੀਂ ਹੁੰਦਾ।ਇਸ ਨੂੰ ਕੋਈ ਅਰਥ-ਬਿੰਦੂ ਨਿਸ਼ਚਿਤ ਕਰਨ ਦੀ ਮਜ਼ਬੂਰੀ ਨਹੀਂ।ਕਾਵਿ-ਭਾਸ਼ਾ ਆਜ਼ਾਦ ਰਹਿੰਦੀ ਹੈ।ਸੂਚਨਾਤਮਕ ਹੋਣਾ ਕਾਵਿ-ਭਾਸ਼ਾ ਦੀ ਮਜ਼ਬੂਰੀ ਨਹੀਂ।ਕਾਵਿ-ਭਾਸ਼ਾ ਕਿਸੇ ਗਿਆਨ/ ਸੂਚਨਾ ਦੇਣ ਲਈ ਨਹੀਂ ਹੁੰਦੀ ਸਗੋਂ ਇਹ ਮਨੋਰਥ-ਮੁਕਤ ਤੇ ਸੁਹਜਮਈ ਹੁੰਦੀ ਹੈ।ਰੈਨਸਮ ਅਨੁਸਾਰ ਵਿਗਿਆਨ ਜਾਂ ਵਾਰਤਕ ਵਿਚਲਾ ਗਿਆਨ ਵਸਤੂਆਂ ਬਾਰੇ ਜਾਣਕਾਰੀ ਦੇਣ ਵੱਲ ਜਾਂ ਸੂਚਨਾ ਦੇਣ ਵੱਲ ਰੁਚਿਤ ਹੁੰਦਾ ਹੈ ਜਦਕਿ ਕਾਵਿ ਵਿਚ ਗਿਆਨ ਦੇ ਨਾਲ-ਨਾਲ ਸਿਰਜਣਾ ਵੀ ਹੈ ਪਰ ਇਸ ਦਾ ਮੁੱਖ ਮੰਤਵ ਸੂਚਨਾ/ ਗਿਆਨ ਦਾ ਸੰਚਾਰ ਜਾਂ ਉਸਨੂੰ ਸਮਝਣਯੋਗ ਬਣਾਉਣਾ ਨਹੀਂ ਸਗੋਂ ਸੁਹਜਮਈ ਭਾਸ਼ਾ ਸਿਰਜਣਾ ਹੈ।ਕਲਿੰਥ ਬਰੁਕਸ ਅਨੁਸਾਰ ਵਿਗਿਆਨ ਦੀ ਭਾਸ਼ਾ ਸ਼ੁੱਧ ਬੋਧਕ (ਦਣਨੋਟਵਿਏ ) ਹੁੰਦੀ ਹੈ ਜੋ ਪੂਰਵ ਨਿਸ਼ਚਿਤ ਅਤੇ ਸਥਿਰ ਹੁੰਦੀ ਹੈ ਜਦ ਕਿ ਕਾਵਿ-ਭਾਸ਼ਾ ਭਾਵ-ਬੋਧਕ (ਚੋਨਨੋਟਓਟਵਿਏ ) ਹੁੰਦੀ ਹੈ ਜੋ ਅਨੁਭਵ ਨੂੰ ਅਖੰਡ ਰੂਪ ਵਿਚ ਪੇਸ਼ ਕਰਦੀ ਹੋਈ ਅਨੇਕਾਰਥੀ ਸੰਭਾਵਨਾਵਾਂ ਪੈਦਾ ਕਰਨ ਵਾਲੀ ਹੁੰਦੀ ਹੈ।

ਕਲਿੰਥ ਬਰੁਕਸ ਅਨੁਸਾਰ "ਕਵੀ ਦੁਆਰਾ ਵਰਤੇ ਗਏ ਸ਼ਬਦ ਬੋਧਕ ਹੋਣ ਦੀ ਥਾਂ ਭਾਵ-ਬੋਧਕ (ਚੋਨਨੋਟਓਟਵਿਏ ) ਹੁੰਦੇ ਹਨ। ਅਜਿਹੇ ਸ਼ਬਦ ਕਿਸੇ ਅਰਥ-ਖੇਤਰ ਦੇ ਇਕ ਅੰਸ਼ ਦੇ ਬੋਧਕ ਹੋਣ ਦੀ ਥਾਂ ਉਸ ਅਰਥ-ਖੇਤਰ ਦੀ ਸੰਪੂਰਣ ਸਮੁੱਚਤਾ ਨੂੰ ਪ੍ਰਗਟ ਕਰਦੇ ਹਨ। ਜਿੱਥੇ ਵਾਰਤਕ-ਬਣਤਰ ਵਿਵੇਕ ਦੇ ਰੇਖਕੀ ਵਿਕਾਸ ਵੱਲ ਰੁਚਿਤ ਹੁੰਦੀ ਹੈ ਉਥੇ ਕਾਵਿ-ਬਣਤਰ ਰੂਪਕ ਦੇ ਸੁਭਾ ਵਾਲੀ ਹੁੰਦੀ ਹੈ। ਕਵੀ ਨੂੰ ਵਿਗਿਆਨੀ ਵਾਂਗ ਆਪਣੇ ਅਨੁਭਵ ਨੂੰ ਹਿੱਸਿਆਂ ਵਿਚ ਨਿਖੇੜ ਕੇ ਉਸ ਦਾ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਸਗੋਂ ਉਹ ਤਾਂ ਆਪਣੇ ਅਨੁਭਵ ਦਾ ਏਕੀਕਰਣ ਕਰਦਾ ਹੈ। ਉਸ ਦਾ ਕੰਮ ਤਾਂ ਅਨੁਭਵ ਦੀ ਅਖੰਡਤਾ ਜਾਂ ਸਮੁੱਚਤਾ ਨੂੰ ਪੇਸ਼ ਕਰਨਾ ਹੁੰਦਾ ਹੈ।"[3]

ਕਾਵਿ-ਭਾਸ਼ਾ ਸਰਬਕਾਲਕ ਸੁਭਾਅ ਦੀ ਹੁੰਦੀ ਹੈ। ਇਹ ਠੀਕ ਹੈ ਕਿ ਕਵਿਤਾ ਕਿਸੇ ਵਿਸ਼ੇਸ਼ ਸਮੇਂ, ਸਥਾਨ ਜਾਂ ਵਾਤਾਵਰਨ ਤੋਂ ਪ੍ਰੇਰਿਤ ਹੋ ਕੇ

www.ignited.in

ਸਿਰਜੀ ਜਾਂਦੀ ਹੈ ਪਰ ਸਿਰਜੇ ਜਾਣ ਤੋਂ ਬਾਅਦ ਇਹ ਉਸ ਸਮੇਂ ਸਥਾਨ ਤੱਕ ਸੀਮਿਤ ਨਹੀਂ ਰਹਿੰਦੀ ਸਗੋਂ ਇਸ ਤੋਂ ਪਾਰ ਫੈਲ ਜਾਂਦੀ ਹੈ ਜਾਂ ਇਉਂ ਕਹੀਏ ਕਿ ਕਵਿਤਾ ਕਾਲ ਵਿਸ਼ੇਸ਼ ਤੋਂ ਪ੍ਰੇਰਿਤ ਤੇ ਪ੍ਰਭਾਵਿਤ ਹੋਣ ਦੇ ਬਾਵਜੂਦ ਸਰਬਕਾਲਕ ਹੋਂਦ ਗ੍ਰਹਿਣ ਕਰ ਜਾਂਦੀ ਹੈ। ਕਵਿਤਾ ਨੂੰ ਅਜਿਹੀ ਸਰਬਕਾਲਕ ਸਮਰੱਥਾ ਉਸਦੀ ਕਾਵਿ-ਭਾਸ਼ਾ ਹੀ ਬਖਸ਼ਦੀ ਹੈ। ਵਿਸ਼ੇਸ਼ ਸਮੇਂ, ਸਥਾਨ ਤੇ ਘਟਨਾ ਵਰਣਨ ਨਾਲ ਕਵੀ ਦਾ ਮੋਹ ਉਸਦੀ ਕਵਿਤਾ ਦੀ ਅਉਧ ਘਟਾ ਸਕਦਾ ਹੈ। ਮਿਸਾਲ ਵਜੋਂ ਕਿਸੇ ਵਿਸ਼ੇਸ਼ ਸਮੇਂ ਵਿਚ ਚੱਲੀ ਕੋਈ ਪਰਿਵਰਤਨਕਾਰੀ ਲਹਿਰ ਤੋਂ ਪ੍ਰਭਾਵਿਤ ਕਵੀ ਜੇਕਰ ਉਸ ਲਹਿਰ ਜਾਂ ਉਸ ਕਾਲ-ਬਿੰਦੂ ਨਾਲ ਮੋਹ ਪਾਲਦਾ ਹੈ ਤਾਂ ਉਹ ਆਪਣੀ ਕਵਿਤਾ ਦਾ ਗੌਰਵ ਘਟਾ ਲੈਂਦਾ ਹੈ ਪਰ ਜੇਕਰ ਕਵੀ ਕਿਸੇ ਵਿਸ਼ੇਸ਼ ਸਮੇਂ ਦੌਰਾਨ ਚੱਲੀ ਪਰਿਵਰਤਨਕਾਰੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਆਪਣੀ ਕਵਿਤਾ ਵਿਚ ਸੁਹਜ ਵਿੱਥ ਸਿਰਜ ਲੈਂਦਾ ਹੈ ਤਾਂ ਉਹ ਕਵਿਤਾ ਨੂੰ ਸਿਖਰ ਤੇ ਪਹੁੰਚਾ ਸਕਦਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਕਵਿਤਾ ਵਿਸ਼ੇਸ਼ ਸਮੇਂ ਸਥਾਨ ਤੋਂ ਪ੍ਰਾਪਤ ਸੱਚ ਦੀ ਪ੍ਰਤਿਕਿਰਿਆ ਦਿੰਦੀ ਹੋਈ ਸੁਹਜ ਵਿੱਥ ਸਿਰਜ ਕੇ ਸਰਬ-ਸਮਿਆਂ ਦੇ ਸੱਚ ਦੇ ਰੂ-ਬ-ਰੂ ਹੋ ਸਕਦੀ ਹੈ। ਮਿਸਾਲ ਵਜੋਂ ਹੇਠ ਲਿਖੀਆਂ ਕਾਵਿ-ਪੰਗਤੀਆਂ ਨੂੰ ਦੇਖਿਆ ਜਾ ਸਕਦਾ ਹੈ:

ਚਲੋ ਇਹ ਚੌਂਕ ਛੱਡੀਏ

ਕਿਸੇ ਚੌਰਸਤੇ 'ਤੇ ਪੁੱਜੀਏ

ਤੇ ਉਥੇ ਜਾ ਕੇ ਫਿਰ ਦੁਬਿਧਾ 'ਚ ਪਈਏ

ਏਥੇ ਦੁਬਿਧਾ 'ਚ ਪੈਣਾ ਫੇਰ ਮੁੜ ਕੇ ਕੁੱਖ 'ਚ ਪੈਣਾ ਹੈ।[4]

(***ਹਨੇਰੇ ਵਿਚ ਸੁਲਗਦੀ ਵਰਣਮਾਲਾ***, ਪੰ. 41)

ਕਾਵਿ-ਭਾਸ਼ਾ ਦਾ ਚਰਿੱਤਰ ਅਜਿਹਾ ਹੈ ਕਿ ਇਹ ਪੇਸ਼ਤਾ ਨੂੰ ਅਪੇਸ਼ਤਾ ਵਿਚ ਰੂਪਾਂਤਰਿਤ ਕਰਦੀ ਜਾਂਦੀ ਹੈ। ਕਾਵਿ-ਭਾਸ਼ਾ ਦਾ ਧਰਮ ਕਿਸੇ ਵਰਤਾਰੇ ਨੂੰ 'ਪੇਸ਼' ਕਰਨਾ ਨਹੀਂ ਸਗੋਂ ਪੇਸ਼ਤਾ ਨੂੰ ਅਪੇਸ਼ਤਾ ਵਿਚ ਪਾਉਣਾ ਹੈ। ਇਸ ਅਪੇਸ਼ਤਾ ਬਾਰੇ ਉੱਤਰ ਆਧੁਨਿਕਤਾ ਚਿੰਤਨ ਵਿਚ ਭਰਵੀਂ ਚਰਚਾ ਹੋਈ ਹੈ। ਇਸ ਅਨੁਸਾਰ ਇਹ ਅਪੇਸ਼ਤਾ ਹੀ ਹੈ ਜੋ ਕਾਵਿ ਨੂੰ ਅੰਤਿਮ ਅਰਥ ਵਿਚ ਪੜ੍ਹੇ ਜਾਣ ਤੋਂ ਰੋਕਦੀ ਰਹਿੰਦੀ ਹੈ। ਇਸ ਤਰ੍ਹਾਂ ਕਾਵਿ-ਭਾਸ਼ਾ ਦਾ ਇਕ ਗੁਣ ਕਵਿਤਾ ਨੂੰ ਅਪੇਸ਼ਤਾ ਵਿਚ ਢਾਲੇ ਜਾਣ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਕਿਉਂਕਿ ਕਾਵਿ ਸਦਾ ਹੋਣ-ਥੀਣ ਦੀ ਦਹਿਲੀਜ਼ ਉੱਪਰ ਰਹਿੰਦਾ ਹੈ। ਇਸ ਵਿਚ ਕਦੇ ਵੀ ਅਨੁਭਵ ਦੀ ਮੁਕੰਮਲਤਾ ਨਹੀਂ ਸਮਾ ਸਕਦੀ। ਇਸ ਲਈ ਇਹ ਅਨੁਭਵ ਪੇਸ਼ਕਾਰੀ ਤੱਕ ਪਹੁੰਚਦੇ-ਪਹੁੰਚਦੇ ਜਾਂ ਤਾਂ ਖੁਰ ਜਾਂਦਾ ਹੈ ਜਾਂ ਫਿਰ ਇਸ ਦੇ ਕਿਸੇ ਇਕ ਅਨੁਭਵੀ ਛਿਣ ਨੂੰ ਬਹੁਤ ਜ਼ਿਆਦਾ ਵਿਸਤਾਰ ਪ੍ਰਾਪਤ ਹੋ ਜਾਂਦਾ ਹੈ। ਅਨੁਭਵ ਨੂੰ ਉਂਜ ਦਾ ਉਂਜ ਨਾ ਪੇਸ਼ ਕਰ ਸਕਣਾ ਇਸਦੀ ਅਪੇਸ਼ਤਾ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਅਨੁਭਵ ਵੀ ਅਪੇਸ਼ ਹੈ ਤੇ ਇਸ ਅਨੁਭਵ ਨੂੰ ਪੇਸ਼ ਕਰਨ ਦਾ ਯਤਨ ਕਰਨ ਵਾਲੀ ਕਵਿਤਾ ਵੀ ਅਪੇਸ਼ਤਾ ਦੀ ਸ਼ਾਹਦੀ ਭਰਦੀ ਹੈ।

ਯਥਾਰਥ ਜਾਂ ਪ੍ਰਪੰਚ ਦਾ ਰੂ-ਬ-ਰੂ ਚਿਤਰਣ ਕਰਨ ਵਾਲੀ ਭਾਸ਼ਾ, ਕਾਵਿ-ਭਾਸ਼ਾ ਨਹੀਂ ਅਖਵਾ ਸਕਦੀ। ਕਵਿਤਾ ਦੀ ਸਿਰਜਣਾ ਅਜਿਹੇ ਛੋਟੇ-ਛੋਟੇ ਕਾਵਿ-ਭਾਸ਼ਾਈ ਗਲਪੀ-ਤੱਤਾਂ ਦੀ ਬਣੀ ਹੁੰਦੀ ਹੈ ਜੋ ਇਸਨੂੰ ਯਥਾਰਥ ਜਾਂ ਪ੍ਰਪੰਚ ਦੀ ਭਾਸ਼ਾ ਤੋਂ ਨਿੱਖੜਵੀਂ ਵਿਸ਼ੇਸ਼ਤਾ ਪ੍ਰਦਾਨ ਕਰਦੇ ਹਨ।ਕਵੀ ਆਪਣੀ ਪ੍ਰਤਿਭਾ ਨਾਲ ਅਜਿਹੀ ਸ਼ਬਦ ਚੋਣ ਕਰਦਾ ਹੈ ਕਿ ਉਹ ਕਵਿਤਾ ਵਿਚਲੇ ਆਭਾ ਮੰਡਲ ਨੂੰ ਮੁਕੰਮਲ ਤੌਰ ਤੇ ਅਸਲੋਂ ਨਵੇਂ ਯਥਾਰਥ ਦਾ ਬੋਧ ਕਰਾ ਦਿੰਦਾ ਹੈ। ਇਹ ਸਿਰਜਣਾ ਪੂਰਵ ਪ੍ਰਾਪਤ ਯਥਾਰਥ ਨਹੀਂ ਹੁੰਦਾ ਸਗੋਂ ਇਹ ਪਰਾ-ਯਥਾਰਥ ਬਣ ਜਾਂਦਾ ਹੈ। ਇਸੇ ਨੂੰ ਬੋਦਰੀਲਾਰਦ ਨੇ ਸਿਮੂਲੈਕਰਮ ਕਿਹਾ ਹੈ।

ਕਾਵਿ-ਭਾਸ਼ਾ ਬਹੁਅਰਥਕ ਪ੍ਰਕਿਰਤੀ ਦੀ ਹੁੰਦੀ ਹੈ।ਇਹ ਇਕ ਅਰਥੀ ਨਾ ਹੋ ਕੇ ਅਰਥ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਉਜਾਗਰ ਕਰਦੀ ਹੈ। ਕਾਵਿ ਅਜਿਹੀ ਸ਼ਾਬਦਿਕ ਸਿਰਜਣਾ ਹੈ ਜੋ ਭਾਸ਼ਾ ਰਾਹੀਂ ਸਾਕਾਰ ਹੋ ਕੇ ਵਿਲੱਖਣ ਪਛਾਣ ਸਥਾਪਿਤ ਕਰਦੀ ਹੈ। ਕਾਵਿ ਦੀ ਸ਼ਬਦਾਵਲੀ ਅਤੇ ਸ਼ਬਦ ਪ੍ਰਯੋਗ ਵਧੇਰੇ ਮੁੱਲਵਾਨ ਅਤੇ ਸ਼ਕਤੀਸ਼ਾਲੀ ਹੁੰਦੀ ਹੈ। ਕਵਿਤਾ ਵਿਚ ਸ਼ਬਦਾਂ ਦਾ ਸੰਪੂਰਨ ਅਰਥ ਹੀ ਨਹੀਂ, ਉਨ੍ਹਾਂ ਦਾ ਆਪਣਾ ਸੰਕੇਤਾਤਮਕ, ਭਾਵਾਤਮਕ ਤੇ ਪ੍ਰਤੀਕਾਤਮਕ ਮੁੱਲ ਵੀ ਹੁੰਦਾ ਹੈ।ਇਹ ਪੱਖ ਕਵਿਤਾ ਦੀ ਸ਼ਬਦਾਵਲੀ ਨੂੰ ਪ੍ਰਬਲਤਾ ਤੇ ਸ਼ਕਤੀ ਪ੍ਰਦਾਨ ਕਰਦੇ ਹਨ। 'ਕਾਵਿ' ਵਿਚ ਇੱਕੋ ਸ਼ਬਦ ਦੁਆਰਾ ਇੱਕੋ ਹੀ ਖਾਸ ਅਰਥ ਦੀ ਅਭਿਵਿਅਕਤੀ ਨਾ ਕਰਕੇ ਅਸੀਮਤਾ ਦਾ ਬੋਧ ਹੁੰਦਾ ਹੈ।ਇਸ ਲਈ ਇਕ ਸ਼ਬਦ ਦੇ ਅਸੀਮ ਅਰਥ ਉਜਾਗਰ ਹੁੰਦੇ ਦੇਖੇ ਜਾ ਸਕਦੇ ਹਨ।ਕਵਿਤਾ ਦਾ ਸੁਭਾਅ ਅਨੇਕਾਰਥੀ ਹੈ। ਕਵਿਤਾ ਦੇ ਅੰਤਿਮ ਅਰਥ ਤੱਕ ਪਹੁੰਚਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ।ਕਾਵਿ-ਭਾਸ਼ਾ ਕਿਸੇ ਸ਼ਬਦ ਨੂੰ ਉਸ ਦੇ ਅਰਥ ਤੋਂ ਵੱਖ ਨਹੀਂ ਕਰਦੀ, ਸਗੋਂ ਉਸ ਸ਼ਬਦ ਦੇ ਅੰਦਰ ਅਸੀਮ ਅਰਥ-ਸੰਭਾਵਨਾ ਪੈਦਾ ਕਰਦੀ ਹੈ। ਇਸ ਵਿਚ ਇਕ ਚਿਹਨਕ ਦੇ ਅਨੇਕ ਚਿਹਨਕ ਬਣਨ ਦੀ ਸੰਭਾਵਨਾ ਜਾਗਦੀ ਹੈ।ਚਿਹਨਕ ਤੋਂ ਚਿਹਨਕ ਦੇ ਇਸ ਸਫਰ ਵਿਚ ਅੰਤਿਮ ਚਿਹਨਤ ਕਦੇ ਵੀ ਪ੍ਰਾਪਤ ਨਹੀਂ ਹੁੰਦਾ।ਕਵਿਤਾ ਵਿਚ, ਸ਼ਬਦ ਵਿਭਿੰਨ ਸੰਦਰਭਾਂ ਵਿਚ ਵਿਭਿੰਨ ਅਰਥਾਂ ਦਾ ਸੰਚਾਰ ਕਰਦੇ ਹਨ।ਮਿਸ਼ੇਲ ਰਿਫਾਤਰੇ ਅਨੁਸਾਰ ਇਹ ਕਵਿਤਾ ਦੀ ਕਾਵਿ-ਭਾਸ਼ਾਈ ਸਮਰੱਥਾ ਹੀ ਹੈ ਜਿਸ ਵਿਚ ਪਾਠਕ ਨੂੰ ਕਾਵਿ-ਪਾਠ ਦੀ ਮਹਿਜ਼ ਪਹਿਲੀ ਪੜ੍ਹਤ ਵਿਚ ਹੀ ਸਾਰਾ ਕੁਝ ਪ੍ਰਾਪਤ ਨਹੀਂ ਹੋ ਜਾਂਦਾ। ਰਿਫਾਤਰੇ ਕਵਿਤਾ ਦੀ ਭਾਸ਼ਾ ਨੂੰ ਚਿਹਨਕ ਤੋਂ ਚਿਹਨਤ ਵੱਲ ਜਾਣ ਦੀ ਥਾਂ ਚਿਹਨਕ ਤੋਂ ਚਿਹਨਕ ਵੱਲ ਗਤੀਸ਼ੀਲ ਸਫਰ ਵੱਲ ਜਾਣ ਦੇ ਰੂਪ ਵਿਚ ਦੇਖਦਾ ਹੈ। ਇਸੇ ਤਰ੍ਹਾਂ ਆਪਣੀ ਪੁਸਤਕ ***ਸ਼ਵਵਣ ਠੇਪਏਸ ੋਡ ਅਮਬਗਿਟਿ*** ਵਿਚ ਵਿਲਅਮ ਐਮਪਸਨ ਵੀ ਬਹੁਅਰਥਤਤਾ ਦੀ ਗੱਲ ਕਰਦਾ ਹੈ ਕਿ ਕਿਸ ਤਰ੍ਹਾਂ ਕਾਵਿ-ਭਾਸ਼ਾ ਬਹੁ-ਅਰਥੀ ਹੋ ਕੇ ਅਰਥਾਂ ਦੀਆਂ ਅਨੰਤ ਦਿਸ਼ਾਵਾਂ ਖੋਲ੍ਹਦੀ ਹੈ।ਰੋਮਨ ਜੈਕਬਸਨ ਅਨੁਸਾਰ ਵੀ ਕਵੀ ਆਪਣੇ ਸ਼ਬਦ ਭੰਡਾਰ ਵਿਚੋਂ ਚਿਹਨਾਂ ਨੂੰ ਵਰਤਦਾ ਹੈ ਪਰ ਇਹ ਚਿਹਨ ਆਪਣੇ ਸਥਾਪਿਤ, ਸਮਾਜਕ ਜਾਂ ਪਹਿਲਾਂ ਪ੍ਰਚੱਲਿਤ ਅਰਥਾਂ ਤੋਂ ਟੁੱਟ ਕੇ ਚਿਹਨਕੀ ਪ੍ਰਕਿਰਿਆ ਵਿਚ ਪੈ ਜਾਂਦੇ ਹਨ ਜਿਸ ਕਰਕੇ ਕਾਵਿ ਵਿਚ ਬਹੁਅਰਥਤਤਾ ਪੈਦਾ ਹੋ ਜਾਂਦੀ ਹੈ।ਦੈਰੀਦਾ ਅਨੁਸਾਰ ਜਦੋਂ ਕਾਵਿ-ਸਿਰਜਣਾ ਜਾਂ ਕਾਵਿ-ਕਿਰਤ ਆਪਣੇ ਕਰਤੇ ਤੋਂ ਆਜ਼ਾਦ ਹੁੰਦੀ ਹੈ ਤਾਂ ਉਸਦੀ ਕਾਵਿ-ਭਾਸ਼ਾ ਬਹੁਤ ਸੁੰਦਰ ਹੁੰਦੀ ਹੈ।

ਕਾਵਿ-ਭਾਸ਼ਾ ਅਜਨਬੀਕ੍ਰਿਤ ਹੁੰਦੀ ਹੈ। ਅਜਨਬੀਕਰਨ ਅਜਿਹੀ ਜੁਗਤ ਹੈ ਜਿਸ ਨਾਲ ਜੀਵਨ ਦੇ ਅਨੁਭਵਾਂ ਨੂੰ ਤਾਜ਼ਗੀ ਬਖਸ਼ ਕੇ ਕਾਵਿ-ਜਗਤ ਵਿਚ ਇਕ ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਯਥਾਰਥਕ ਸੰਸਾਰ ਨੂੰ ਵੀ ਅਜਨਬੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਜਾਂਦਾ ਹੈ। ਸਾਧਾਰਨ ਭਾਸ਼ਾ ਦੀ ਵਰਤੋਂ ਭਾਵੇਂ ਸਾਰੇ ਬੁਲਾਰੇ ਕਰਦੇ ਹਨ ਪਰ ਕਾਵਿ-ਭਾਸ਼ਾਈ ਵਰਤੋਂ ਦਾ ਢੰਗ ਬਿਲਕੁਲ ਵੱਖਰਾ ਹੁੰਦਾ ਹੈ ਜਿਸ ਵਿਚ ਭਾਸ਼ਾ ਤਾਂ ਉਹੀ ਜਾਣੀ-ਪਛਾਣੀ ਹੁੰਦੀ ਹੈ ਪਰ ਉਸਦਾ ਪ੍ਰਕਾਰਜ ਵੱਖਰਾ ਹੁੰਦਾ ਹੈ। ਇਸ ਜੁਗਤ ਵਿਚ ਕਿਸੇ ਕਿਸਮ ਦੀ ਭੂਮਿਕਾ ਨਹੀਂ ਬੰਨ੍ਹੀ ਜਾਂਦੀ ਸਗੋਂ ਇਹ ਅਜਿਹਾ ਪ੍ਰਤੱਖਣ ਦਿੰਦਾ ਹੈ ਜੋ ਜਾਣੇ-ਪਛਾਣੇ ਜਗਤ ਤੋਂ ਬਿਲਕੁਲ ਨਿਵੇਕਲਾ ਹੁੰਦਾ ਹੈ। ਇਸਦਾ ਉਦੇਸ਼ ਕਾਵਿ ਵਿਚ ਕਿਸੇ ਸੂਚਨਾ, ਸੰਦੇਸ਼ ਜਾਂ ਪੈਗਾਮ ਨੂੰ ਪ੍ਰਸਤੁਤ ਨਹੀਂ ਕਰਨਾ ਹੁੰਦਾ ਸਗੋਂ ਇਸਦਾ ਮਨੋਰਥ ਸੁਹਜ ਨੂੰ ਪੇਸ਼ ਕਰਨਾ ਹੈ ਜੋ ਨਿੱਤ ਜੀਵਨ ਦੀਆਂ ਵਸਤਾਂ ਵਿਚ ਨਹੀਂ ਮਿਲਦਾ। ਸ਼ਕਲੋਵਸਕੀ ਅਨੁਸਾਰ ਸਾਧਾਰਨ ਭਾਸ਼ਾ ਸਿਰਫ ਸੰਚਾਰ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਜਦ ਕਿ ਕਾਵਿ-ਭਾਸ਼ਾ ਅਜਨਬੀਕ੍ਰਿਤ ਹੋ ਕੇ ਸਾਰਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਇਹ ਪ੍ਰਤੱਖਣ ਨੂੰ ਤੇਜ਼ ਕਰਦੀ ਹੈ ਤੇ ਨਵੇਂ ਦ੍ਰਿਸ਼ਟੀਕੋਣ ਤੋਂ ਵਰਤਾਰਿਆਂ ਨੂੰ ਦਿਖਾਉਂਦੀ ਹੈ।ਅਜਨਬੀਕਰਨ ਇਕ ਅਜਿਹਾ ਸਿਧਾਂਤ ਹੈ ਜੋ ਯਥਾਰਥ ਜਗਤ ਨੂੰ ਵੀ ਸੱਜਰੇਪਨ ਤੇ ਕਲਪਨਾ ਦੀ ਦੁਨੀਆਂ ਵਿਚ ਲੈ ਜਾਂਦਾ ਹੈ।ਉਸ ਅਨੁਸਾਰ ਕਾਵਿ-ਭਾਸ਼ਾ ਦਾ ਕੰਮ ਸਰੋਤੇ/// / ਪਾਠਕ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਨਾ ਹੈ। ਅਜਿਹਾ ਧਿਆਨ ਆਕਰਸ਼ਿਤ ਕਰਨ ਲਈ ਕਾਵਿ ਰਚਨਾ ਭਾਸ਼ਾ ਦਾ ਅਜਨਬੀਕਰਣ ਕਰਦੀ ਹੈ ਤੇ ਸਾਡੇ ਪ੍ਰਤੱਖਣ ਨੂੰ ਸਵੈਚਾਲਿਤ (ਅਟੋਮੇਟਿਜ਼ਿਏਟੌਨ) ਨਹੀਂ ਬਣਨ ਦਿੰਦੀ। ਇਸ ਸਿਧਾਂਤ ਅਨੁਸਾਰ ਕਾਵਿ ਦਾ ਮੁੱਖ ਉਦੇਸ਼ ਮਨੁੱਖ ਵਿਚ ਪ੍ਰਤੱਖਣ ਦੀਆਂ ਸਾਧਾਰਨ ਵਿਧੀਆਂ

www.ignited.in

ਦੁਸ਼ਾਰਾ ਪੈਦਾ ਹੋਈ ਸਾਧਾਰਨ ਜਾਂ ਰੁਟੀਨ ਰੁਚੀ ਨੂੰ ਭੰਗ ਕਰਨਾ ਹੈ। ਕਵੀ ਰੁਟੀਨ ਰੁਚੀ ਵਿਚ ਵੇਖਣ ਦੀ ਪ੍ਰਕਿਰਿਆ ਨੂੰ ਤੋੜਦਾ ਹੈ। ਇਸ ਨੂੰ ਅਜਨਬੀ ਬਣਾ ਕੇ ਦੁਬਾਰਾ ਧਿਆਨ ਨਾਲ ਵੇਖਣ ਲਈ ਮਜਬੂਰ ਕਰਦਾ ਹੈ। ਅਜਨਬੀਕਰਣ ਦੀ ਇਸ ਪ੍ਰਕਿਰਿਆ ਦਾ ਸਾਰਾ ਦਾਰੋਮਦਾਰ ਕਵੀ ਦੀ ਵਿਸ਼ੇਸ਼ ਭਾਸ਼ਾ (ਕਾਵਿ-ਭਾਸ਼ਾ) ਉੱਪਰ ਟਿਕਿਆ ਹੋਇਆ ਹੁੰਦਾ ਹੈ। ਕਵੀ ਦੀ ਕਾਵਿ-ਭਾਸ਼ਾਈ ਸਮਰੱਥਾ ਕਾਵਿ-ਪ੍ਰਤੱਖਣ ਦੀ ਕਿਰਿਆ ਦਾ ਵਕਫਾ ਆਦਿ-ਜੁਗਾਦੀ ਬਣਾਉਂਦੀ ਹੈ।ਰੂਸੀ ਰੂਪਵਾਦੀਆਂ ਦਾ ਅਜਨਬੀਕਰਣ ਦਾ ਸਿਧਾਂਤ ਚਾਰਲਸ ਬੇਲੀ ਦੁਆਰਾ ਦਿੱਤੇ ਸ਼ੈਲੀ ਵਿਗਿਆਨ ਦੇ ਪਰਾਹਨ ਸਿਧਾਂਤ ਨਾਲ ਮੇਲ ਖਾਂਦਾ ਹੈ। ਚਾਰਲਸ ਬੇਲੀ ਨੇ ਵੀ ਸਵੀਕ੍ਰਿਤ ਪ੍ਰਤਿਮਾਨਾਂ ਤੋਂ ਹਟ ਕੇ ਗੱਲ ਕਰਨ ਦੀ ਜੁਗਤ ਨੂੰ ਪਰਾਹਨ ਕਿਹਾ ਹੈ।

ਇਸ ਤਰ੍ਹਾਂ ਕਾਵਿ-ਭਾਸ਼ਾ ਦਾ ਸਬੰਧ ਕਾਵਿ ਦੀ ਸਮੁੱਚੀ ਹੋਂਦ ਵਿਧੀ ਨਾਲ ਜੁੜਿਆ ਹੋਇਆ ਹੈ। ਕਿਸੇ ਕਵਿਤਾ ਦੀ ਕਾਵਿ-ਭਾਸ਼ਾ ਦਾ ਅਧਿਐਨ ਇਕ ਤਰ੍ਹਾਂ ਨਾਲ ਉਸ ਕਵਿਤਾ ਦਾ ਅਧਿਐਨ ਹੀ ਹੋ ਨਿਬੜੇਗਾ। ਕਾਵਿ-ਭਾਸ਼ਾ ਸੰਬੰਧੀ ਚਿੰਤਨ ਕਾਵਿ ਸੰਬੰਧੀ ਚਿੰਤਨ ਨਾਲੋਂ ਬਹੁਤ ਪੱਛੜ ਕੇ ਵਿਕਸਿਤ ਹੋਇਆ ਹੈ। ਵਿਸ਼ਵ ਚਿੰਤਨ ਵਿਚ ਕਾਵਿ-ਭਾਸ਼ਾ ਸੰਬੰਧੀ ਅਮਰੀਕੀ ਨਵ-ਆਲੋਚਨਾ ਅਤੇ ਰੂਸੀ ਰੂਪਵਾਦ ਤੋਂ ਇਸਦਾ ਵਿਧੀਵਤ ਆਗਾਜ਼ ਹੋਇਆ ਹੈ।ਕਾਵਿ-ਭਾਸ਼ਾ ਦੀ ਸਿਰਜਣਾ ਵਿਚ ਮੈਟਾਫਰ ਤੇ ਮੈਟਾਨਮੀ ਜਾਂ ਵਸਤੂ-ਸੰਸਾਰ ਤੇ ਸਿਰਜਣ ਸੰਸਾਰ ਦੋਵੇਂ ਨਾਲੋ-ਨਾਲ ਕਾਰਜਸ਼ੀਲ ਰਹਿੰਦੇ ਹਨ। ਕਾਵਿ-ਭਾਸ਼ਾ ਅਚੇਤ ਸਿਰਜਣਾਤਮਕ ਸਹਿਜ ਅਭਿਵਿਅਕਤੀ ਵਿਚ ਵਧੇਰੇ ਸਾਰਥਿਕ ਰਹਿੰਦੀ ਹੈ। ਖਾਸ ਕਰਕੇ ਆਵੇਸ਼ੀ ਸਿਰਜਣਾ ਕਾਵਿ-ਭਾਸ਼ਾ ਲਈ ਸਭ ਤੋਂ ਵਧੇਰੇ ਕਾਰਗਰ ਹੈ। ਸੁਚੇਤ ਸਿਰਜਣਾਤਮਕ ਪੈਟਰਨ ਇਸਦੀ ਸਹਿਜਤਾ ਨੂੰ ਤੋੜ ਸਕਦੇ ਹਨ ਕਿਉਂਕਿ ਇਨ੍ਹਾਂ ਵਿਚ ਭਾਸ਼ਾ ਦੀ ਕੱਟ-ਛਾਂਗ ਅਤੇ ਸ਼ਿਲਪ ਪ੍ਰਧਾਨ ਰਹਿੰਦਾ ਹੈ। ਇਸੇ ਤਰ੍ਹਾਂ ਕਾਵਿ-ਭਾਸ਼ਾ ਲਈ ਬਿੰਬ-ਸਿਰਜਣਾ ਲਾਜ਼ਮੀ ਸ਼ਰਤ ਹੈ। ਕਥਨ ਦੀ ਵਿਧੀ ਵਿਚ ਸਿਰਜੀ ਗਈ ਕਵਿਤਾ ਵਿਚੋਂ ਕਾਵਿ-ਭਾਸ਼ਾ ਦੀ ਥਾਂ ਵਿਹਾਰਕ ਭਾਸ਼ਾ ਦੀ ਪ੍ਰਤੀਤੀ ਹੁੰਦੀ ਰਹਿੰਦੀ ਹੈ। ਇਸ ਤਰ੍ਹਾਂ ਕਾਵਿ-ਭਾਸ਼ਾ ਲਈ ਆਵੇਸ਼, ਅਵਚੇਤਨ, ਅਨੁਭਵ, ਭਾਵਨਾਤਮਕਤਾ, ਪ੍ਰਗੀਤਕਤਾ, ਪਰਾਹਨ, ਵਿਸਥਾਪਨ, ਬਿੰਬ, ਸਰਬਕਾਲਕਤਾ, ਅਪੇਸ਼ਤਾ, ਗਾਲਪਨਿਕਤਾ ਆਦਿ ਦਾ ਹੋਣਾ ਲਾਜ਼ਮੀ ਹੈ।

**ਹਵਾਲੇ**


1. **ਸ਼ਇਮੋਟਿਚਿਸ ਡ ਫੋਏਟਰੇ**, ਪ. *2*

2. ***ਬਦਲਦੇ ਪਰਿਪੇਖ,*** ਪੰ. 23

3. ***ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ,*** ਪੰ. 84 ਤੋਂ ਉਧਰਿਤ

4. ***ਹਨੇਰੇ ਵਿਚ ਸੁਲਗਦੀ ਵਰਣਮਾਲਾ***, ਪੰ. 41


---


**Corresponding Author**

**Harpreet Kaur***

Research Scholar, Department Punjabi, I.K.G. Punjab Technical University, Kapurthala